੨੯ ਵਾਂ ਸਾਲ

# ਵਰਿਆਮ

ਜੂਨ, ੨੦੦੩



ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ
ਤਿੰਨ ਕੇ ਕਾਜ ਸਵਾਰਤਾ ॥੧॥ ਰਹਾਓ ॥
ਦਾਲਿ ਸੀਧਾ ਮਾਗਉ ਘੀਉ ॥
ਹਮਰਾ ਖੁਸੀ ਕਰੈ ਨਿਤ ਜੀਉ ॥
ਪਨੀਆ ਛਾਦਨੁ ਨੀਕਾ ॥
ਅਨਾਜੁ ਮਗਉ ਸਤ ਸੀ ਕਾ ॥੧॥
ਗਊ ਭੈਸ ਮਗਉ ਲਾਵੇਰੀ ॥
ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨ ਚੰਗੀ ॥
ਜਨੁ ਧੰਨਾ ਲੇਵੈ ਮੰਗੀ ॥੨॥ -ਪੰਨਾ ੬੯੫

*ਭਗਤ ਧੰਨਾ ਜੀ (ਧਨਾਸਰੀ)*

Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਬੀਤੀ ਵਿਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰੋ. ਪ੍ਰੀਤਮ ਸਿੰਘ ਪਟਿਆਲਾ, ਡਾ. ਸ. ਸ. ਜੋਸ਼ੀ, ਪ੍ਰੋ. ਕਸੇਲ ਆਦਿਕ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ। *ਫੋਟੋ- ਸੂਰਤਪਾਲ ਸਿੰਘ*



ਬੀਤੇ ਦਿਨੀ ਹਰਨਾਮ ਦਾਸ ਸਹਿਰਾਈ ਟਰੱਸਟ ਵਲੋਂ ਕਰਵਾਏ ਸਮਾਗਮ ਸਮੇਂ ਸਾਬਕਾ ਪ੍ਰਧਾਨ ਮੰਤ੍ਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਦਾ ਸਵਾਗਤ ਕਰਦੇ ਹੋਏ ਸਹਿਰਾਈ ਪਰਿਵਾਰ ਦੇ ਸ੍ਰੀ ਕੁਲਦੀਪ ਰਾਏ, ਸ੍ਰੀਮਤੀ ਰੇਖਾ ਰਾਣੀ ਅਤੇ ਵਰੁਣ ਚੌਹਾਨ।



ਸਹਿਰਾਈ ਸਮਾਗਮ ਸਮੇਂ ਸ੍ਰੀ ਜਗਦੀਸ਼ ਸਿੰਘ ਵਰਿਆਮ ਨੂੰ ਸਨਮਾਨਤ ਕਰਦੇ ਹੋਏ ਸ੍ਰੀ ਇੰਦਰ ਕੁਮਾਰ ਗੁਜਰਾਲ, ਨਾਲ ਖੜੇ ਹਨ ਸਹਿਰਾਈ ਟਰੱਸਟ ਦੇ ਪ੍ਰਧਾਨ ਸ੍ਰੀ ਸੁਖਦੇਵ ਰਾਜ ਜੀ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਜੂਨ-੨੦੦੩
ਜਿਲਦ-੨੮
ਅੰਕ-੮

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੨੫੪੩
ਘਰ : ੨੪੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph. : 2222543 (O)
2456289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |
| ਹਵਾਈ ਡਾਕ ਰਾਹੀਂ | |

**ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।**

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸ਼ਹੀਦਾਂ ਦੀ ਯਾਦ—*ਜਗਦੀਸ਼ ਸਿੰਘ* ---------- ੨
ਪ੍ਰਿੰਸੀਪਲ ਬੀਬੀ ਬੇਅੰਤ ਕੌਰ ਨੂੰ ਯਾਦ ਕਰਦਿਆਂ —*ਸੁਵਰਨ ਸਿੰਘ ਵਿਰਕ* ---------- ੫
ਉਦਾਸੀਆਂ ਦੀ ਸਿੱਖੀ—*ਸਵਰਨ ਸਿੰਘ ਸਨੇਹੀ* ---------- ੧੧
ਉਸਤਾਦ ਰਹੀਮ ਬਖਸ਼ ਕਲਾਵੰਤ —*ਬਲਬੀਰ ਸਿੰਘ ਕੰਵਲ* ---------- ੧੭
ਜੋਗੀ ਮੰਗੇ ਦਾਨ ਵੇ ਲਾਲੋ—*ਸ਼ਿਵਨਾਥ* ---------- ੧੮
ਮਾਫ਼ ਕਰਨਾ ਦੋਸਤੋ—*ਸ਼ਿਵਨਾਥ* ---------- ੧੮
ਕਾਵਿ ਟੁਕੜੀਆਂ—*ਆਦਲ ਦਿਆਲਪੁਰੀ* ---------- ੧੯
ਗ਼ਜ਼ਲ—*ਆਦਲ ਦਿਆਲਪੁਰੀ* ---------- ੨੦
ਗ਼ਜ਼ਲ—*ਅਮਰਜੀਤ ਸੰਧੂ* ---------- ੨੦
ਕਾਫੀ—*ਅਜੈਬ ਸਿੰਘ* ---------- ੨੦
ਮਾਸਟਰ ਨਿਹਾਲ ਸਿੰਘ ਯਾਦਗਾਰੀ ਸਮਾਗਮ —*ਜਸਪਾਲ ਕੌਰ* ---------- ੨੦
ਵਾਈਟ ਅਸਟ੍ਰੇਲੀਆ—*ਦਲਬੀਰ ਸਿੰਘ ਤਰਸ* ---------- ੨੩
ਗੁਰਦੀਪ ਸਿੰਘ ਢੋਡਾ ਦੀ ਯਾਦ ਵਿੱਚ —*ਜਗਦੀਸ਼ ਸਿੰਘ* ---------- ੨੭
ਖਬਰਨਾਮਾ ---------- ੩੧
ਪ੍ਰਤੀਕਿਰਿਆ ---------- ੩੯

## ਇਤਿਹਾਸ

ਤੁਸੀਂ ਆਪਣੇ ਜੀਵਨ ਦੇ ਹਰ ਮਿੰਟ ਅਤੇ ਹਰ ਸਕਿੰਟ ਵਿਚ ਇਤਿਹਾਸ ਸਿਰਜਦੇ ਹੋ। ਤੁਹਾਡਾ ਰੋਜ਼ਾਨਾ ਜੀਵਨ ਇਤਿਹਾਸ ਹੈ। ਇਸ ਲਈ ਤੁਹਾਨੂੰ ਅਛਾਈ ਅਤੇ ਬੁਰਾਈ ਵਿਚੋਂ ਚੋਣ ਕਰਨੀ ਪਵੇਗੀ; ਜੋ ਤੁਸੀਂ ਚੁਣੋਗੇ, ਉਹੀ ਇਤਿਹਾਸ ਹੋਵੇਗਾ।

-0-

ਜੇਕਰ ਤੁਸੀਂ ਇਤਿਹਾਸ ਨੂੰ ਪਿਆਰ ਕਰਦੇ ਹੋ ਤਾਂ ਤੁਸੀਂ ਬਾਦਸ਼ਾਹ ਅਤੇ ਸੰਪਾਦਕਾਂ ਵਾਂਗ ਆਪਣੇ ਆਪ ਨੂੰ ਅਸੀਂ ਕਹਿ ਕੇ ਸੰਬੋਧਨ ਕਰ ਸਕਦੇ ਹੋ ਕਿਉਂਕਿ ਜਦ ਤੁਸੀਂ ਇਸ ਤਰ੍ਹਾਂ ਬੋਲਦੇ ਹੋ ਤਾਂ ਤੁਸੀਂ ਸਾਰੀ ਮਾਨਵਤਾ ਦੇ ਤਰਜਮਾਨ ਹੁੰਦੇ ਹੋ।

*ਲਾਲਾ ਹਰਦਿਆਲ*
*ਹਿੰਟਸ ਫਾਰ ਸੈਲਫ ਕਲਚਰ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਸ਼ਹੀਦਾਂ ਦੀ ਯਾਦ

ਪਿੰਡ ਜੋਗਾ ਮਾਨਸਾ ਜ਼ਿਲੇ ਦਾ ਅਹਿਮ ਨਗਰ ਹੈ। ਵਰਤਮਾਨ ਸਮੇਂ ਵਿੱਚ ਇਸ ਪਿੰਡ ਦਾ ਨਾਮ ਕਾਮਰੇਡ ਜੰਗੀਰ ਸਿੰਘ ਦੇ ਨਾਮ ਨਾਲ ਜੁੜਿਆਂ ਹੋਇਆ ਹੈ। ਕਾਮਰੇਡ ਜੰਗੀਰ ਸਿੰਘ ਉਘਾ ਕਮਿਊਨਿਸਟ ਨੇਤਾ ਹੋਇਆ ਹੈ ਜੋ ਅਕਾਲੀ, ਕਾਂਗਰਸ, ਪਰਜਾ ਮੰਡਲ ਅਤੇ ਕਮਿਊਨਿਸਟ ਪਾਰਟੀਆਂ ਵਿੱਚ ਫਖਰ ਯੋਗ ਨਾਮ ਰਿਹਾ ਹੈ। ਜਿਸ ਦੀ ਘਾਲਣਾ ਸਾਹਮਣੇ ਵੱਡੇ ਵੱਡੇ ਲੀਡਰ ਅਤੇ ਆਮ ਜਨਤਾ ਸਿਰ ਝੁਕਾਉਂਦੀ ਹੈ। ਪਿੰਡ ਜੋਗਾ ਦੇ ਜੰਮਪਲ ਕਾਮਰੇਡ ਜੰਗੀਰ ਸਿੰਘ ਦਾ ਉਪਨਾਮ ਹੀ ਜੋਗਾ ਪੈ ਗਿਆ ਸੀ, "ਕਾਮਰੇਡ ਜੰਗੀਰ ਸਿੰਘ ਜੋਗਾ"। ਬਰਨਾਲੇ ਤੋਂ ਸਰਸਾ ਜਾਂਦੀ ਸੜਕ ਉਪਰ ਮਾਨਸਾ ਤੋਂ ਪਹਿਲਾ ਇਹ ਪਿੰਡ ਵਾਹਵਾ ਕਸਬਾ ਬਣ ਚੁੱਕਾ ਹੈ। ਕਈ ਸਕੂਲ ਹਸਪਤਾਲ ਲਾਇਬ੍ਰੇਰੀ, ਡਾਕਖਾਨਾ, ਪਸ਼ੂਆਂ ਦਾ ਹਸਪਤਾਲ ਅਤੇ ਹੋਰ ਅਦਾਰਿਆਂ ਵਾਲਾ। ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਇਸ ਨਗਰ ਦੀ ਅਹਿਮ ਭੂਮਿਕਾ ਹੈ। ਮਾਲੇਰਕੋਟਲਾ ਵਿੱਚ ਸੰਨ ੧੮੭੨ ਨੂੰ ਵਾਪਰੇ ਸਾਕੇ ਵਿੱਚ ਤੋਪਾਂ ਅਗੇ ਉੜ ਕੇ ਸ਼ਹੀਦੀ ਪਾਉਣ ਵਾਲਿਆਂ ਵਿੱਚੋਂ ਇਕ ਸ਼ਹੀਦ ਸ਼ਾਮ ਸਿੰਘ ਸੀ ਜਿਸਦਾ ਜ਼ਿਕਰ ਉਸ ਲਿਸਟ ਵਿੱਚ ਆਉਂਦਾ ਹੈ ਜੋ ੧੮ ਜਨਵਰੀ ੧੮੭੨ ਨੂੰ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਤਿਆਰ ਕੀਤੀ ਗਈ ਸੀ। ਉਸ ਸੂਚੀ ਵਿੱਚ ਸ਼ਾਮ ਸਿੰਘ ਜੋਗਾ ਲਿਖਿਆ ਹੈ। ਪਹਿਲੇ ਦਿਨ ਭਾਵ ੧੭ ਜਨਵਰੀ ਨੂੰ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਤਾਂ ਲਿਸਟ ਹੀ ਨਹੀਂ ਸੀ ਬਣਾਈ ਗਈ ਜਦ ਉਨੰਜਾ ਸਿੰਘ ਤੋਪਾਂ ਨਾਲ ਸ਼ਹੀਦ ਕੀਤੇ ਗਏ ਅਤੇ ਇਕ ਸ਼ਹੀਦ ਬਿਸ਼ਨ ਸਿੰਘ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਜ਼ਿਕਰ ਅਧੀਨ ਸ. ਸ਼ਾਮ ਸਿੰਘ ਸ਼ਹੀਦ ਜੋਗਾ ਕਾਮਰੇਡ ਜੰਗੀਰ ਸਿੰਘ ਜੋਗਾ ਦਾ ਦਾਦਾ ਸੀ, ਸਕੇ ਦਾਦਾ ਦਾ ਸਕਾ ਭਰਾ। ਸਤਿਗੁਰੂ ਰਾਮ ਸਿੰਘ ਜੀ ਦੇ ਆਜ਼ਾਦੀ ਲਈ ਸੰਘਰਸ਼ ਦਾ ਇਸ ਇਲਾਕੇ ਵਿੱਚ ਕਾਫੀ ਪਰਚਾਰ ਸੀ। ਕਾਮਰੇਡ ਜੰਗੀਰ ਸਿੰਘ ਜੋਗਾ ਕਾਲਅੰਤਰ ਕਮਿਊਨਿਸਟ ਪਾਰਟੀ ਦੇ ਉਘੇ ਆਗੂ ਸਥਾਪਤ ਹੋਏ। ਉਹ ਦੇਸ਼ ਭਗਤ ਯਾਦਗਾਰੀ ਕਮੇਟੀ ਜਲੰਧਰ ਨੂੰ ਚਲਾਉਣ ਵਾਲੇ ਟਰੱਸਟ ਦੇ ਵੀ ਮੈਂਬਰ ਸਨ। ਆਪ ਦਾ ਪਰਸਿਧ ਗਦਰੀ ਬਾਬੇ ਸੋਹਣ ਸਿੰਘ ਭਕਨਾ ਨਾਲ ਵੀ ਬਹੁਤ ਮੇਲ ਜੋਲ ਰਿਹਾ ਸੀ। ਬਾਬਾ ਭਕਨਾ ਨਾਮਧਾਰੀ ਲਹਿਰ ਤੋਂ ਬਹੁਤ ਪ੍ਰਭਾਵਤ ਰਿਹਾ ਸੀ। ਬਾਬਾ ਕੇਸਰ ਜੀ ਮੁਹਾਵਾ ਵਾਲਿਆਂ ਤੇ ਉਹਨਾਂ ਦੀ ਬਹੁਤ ਸ਼ਰਧਾ ਸੀ। ਬਾਬਾ ਸੋਹਣ ਸਿੰਘ ਭਕਨਾ ਨਾਮਧਾਰੀ ਸੰਗਤ ਦੇ ਪ੍ਰਸਿਧ ਹਜ਼ੂਰੀ ਰਾਗੀ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਦੇ ਸ਼ਰੀਕੇ ਵਿਚੋਂ ਹੀ ਸੀ। ਚੀਚਾ ਭੱਕਣਾ ਪਿੰਡ ਹੀ ਰਾਗੀਆਂ ਦਾ ਸੀ। ਨਾਮਧਾਰੀ ਗੁਰੂ ਸਾਹਿਬਾਨ ਨੇ ਸਦਾ ਹੀ ਦੇਸ਼ ਭਗਤ ਤਾਕਤਾਂ ਦੀ ਭਰਪੂਰ ਸਹਾਇਤਾ ਕੀਤੀ ਰਖੀ ਹੈ। ਨਾਮਧਾਰੀ ਗੁਰੂ ਸਾਹਿਬਾਨ ਜਦੋਂ ਆਪ ਸਾਮਰਾਜੀ ਅੰਗਰੇਜ਼ ਹਕੂਮਤ ਦਾ ਜਬਰ ਝੱਲ ਰਹੇ ਸਨ ਉਸ ਵੇਲੇ ਵੀ ਉਹ ਦੇਸ਼ ਭਗਤ ਤਾਕਤਾਂ ਦੀ ਮਦਦ ਕਰਦੇ ਰਹੇ ਬਹੁਤ ਭਾਰੀ ਰਿਸਕ ਦੇ ਬਾਵਜੂਦ ਵੀ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਨੀਂਹ ਦੇ ਪੱਥਰ ਉਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਮੁੱਢਲੇ ਤੌਰ ਤੇ ਦਿਤੀ ਰਾਸ਼ੀ ਸਤਗੁਰੂ ਨਾਮਧਾਰੀ ਦਰਬਾਰ ਦੇ ਸਿਰਲੇਖ ਹੇਠ ਦਰਜ ਹੈ।

ਕਾਮਰੇਡ ਜੰਗੀਰ ਸਿੰਘ ਜੋਗਾ ਦੇ ਪਰਿਵਾਰ ਵਿਚੋਂ ਉਹਨਾਂ ਦਾ ਸਪੁੱਤਰ ਗੁਰਦਰਸ਼ਨ ਸਿੰਘ ਅਤੇ ਨੂੰਹ ਹਰਮੰਦਰਜੀਤ ਕੌਰ ਦੋਵੇਂ ਹੀ ਡਾਕਟਰ ਹਨ। ਵਰਿਆਮ ਦੇ ਪਿਛਲੇ ਸਾਲਾਂ ਦੇ ਕਾਲਮਾਂ ਵਿੱਚ ਪਾਠਕ ਪੜ੍ਹ ਚੁੱਕੇ ਹੋਣਗੇ ਕਿ ੨੯ ਦਿਸੰਬਰ ੧੯੯੮ ਨੂੰ ਜਦੋਂ ਕਾਮਰੇਡ ਜੋਗਾ ਜੀ ਦਾ ਜਨਮ ਦਿਨ ਮਨਾਇਆ ਗਿਆ ਤਾਂ ਉਸ ਸਮਾਗਮ ਦੀ ਪ੍ਰਧਾਨਗੀ ਵਾਸਤੇ ਪੂਰਬਲੇ ਕਰਮਾਂ ਦੇ ਅੰਕੁਰ ਅਨੁਸਾਰ ਨਾਮਧਾਰੀ ਜਗਤ ਦੇ ਵਰਤਮਾਨ ਗੁਰੂ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਚੁਣਿਆ ਗਿਆ ਅਤੇ ਫਲ ਸਰੂਪ ਇਕ ਲੰਮੇ ਅਰਸੇ ਬਾਦ ਇਸ ਪਿੰਡ ਵਿੱਚ ਨਾਮਧਾਰੀ ਸਤਿਗੁਰੂ ਸਾਹਿਬ ਦੇ ਚਰਨ ਪਏ। ਸਮਾਗਮ ਵਿੱਚ ਕਾਮਰੇਡ ਜੋਗਾ ਜੀ ਤੇ ਛਪੀ ਪੁਸਤਕ



Sri Satguru Jagjit Singh Ji eLibrary NamdhariElibrary@gmail.com

ਰੀਲੀਜ਼ ਕੀਤੀ ਗਈ। ਜੋਗਾ ਪਰਿਵਾਰ ਦੀ ਆਪਣੀ ਖੋਜ ਅਨੁਸਾਰ ਇਸ ਪਿੰਡ ਚੋਂ ਸ਼ਹੀਦ ਸ਼ਾਮ ਸਿੰਘ ਸਮੇਤ ਚਾਰ ਸਿੰਘ ਮਲੇਰ ਕੋਟਲੇ ਕਾਂਡ ਵਿੱਚ ਤੋਪਾਂ ਨਾਲ ਉਡਾਏ ਗਏ। ਇਹਨਾਂ ਚੌਹਾਂ ਦੇ ਨਾਮ ਹਨ ਸ਼ਹੀਦ ਸ਼ਾਮ ਸਿੰਘ, ਸੱਦਾ ਸਿੰਘ, ਜਵਾਹਰ ਸਿੰਘ ਅਤੇ ਕਿਸ਼ਨ ਸਿੰਘ। ਬਾਬਾ ਸ਼ਾਮ ਸਿੰਘ ਦੀ ਯਾਦ ਵਿੱਚ ਇਕ ਹਸਪਤਾਲ ਦਾ ਨਾਮ ਵੀ ਰੱਖਿਆ ਗਿਆ ਹੈ। ਜੋਗਾ ਪਰਿਵਾਰ ਭਾਵੇਂ ਕਟੜ ਕਾਮਰੇਡ ਪਰਿਵਾਰ ਹੈ ਅਤੇ ਉਹਨਾਂ ਮਲੇਰਕੋਟਲੇ ਦੇ ਚੌਹਾਂ ਸ਼ਹੀਦਾਂ ਦੀ ਯਾਦ ਵਿੱਚ ਦੇਸ਼ ਭਗਤਾਂ ਦਾ ਮੇਲਾ ਰਚਾਉਣਾ ਸ਼ੁਰੂ ਕੀਤਾ। ਇਸ ਮੇਲੇ ਸਮੇਂ ਭਾਰੀ ਕਾਨਫਰੰਸ ਵਰਗਾ ਨਜ਼ਾਰਾ ਹੀ ਹੁੰਦਾ। ਭਾਵੇਂ ਨਾਮਧਾਰੀ ਸਤਿਗੁਰੂ ਸਾਹਿਬਾਨ ਤਾਂ ਮੇਲੇ ਦੀ ਸ਼ਾਨ ਵਧਾਉਂਦੇ ਹੀ ਸ਼ਾਮ ਨੂੰ ਨਾਟਕਾਂ ਅਤੇ ਲੋਕ ਗੀਤਾਂ ਦਾ ਮੇਲਾ ਵੀ ਲਗਦਾ। ਕਾਮਰੇਡ ਜੋਗਾ ਜੀ ਦਾ ਪਿਛਲੇ ਸਾਲ ਹੀ ਦੇਹਾਂਤ ਹੋਇਆ ਹੈ ਅਤੇ ਹੁਣ ਕਾਮਰੇਡ ਜੰਗੀਰ ਸਿੰਘ ਜੋਗਾ ਟਰੱਸਟ ਕਾਇਮ ਹੈ ਜੋ ਇਹਨਾਂ ਮੇਲਿਆਂ ਸਮੇਂ ਪਰਬੰਧ ਕਰਦਾ ਹੈ। ਸ਼ਹੀਦਾਂ ਦੀ ਯਾਦਗਾਰ ਸਥਾਪਤ ਕਰਨ ਵਾਸਤੇ ਟਰੱਸਟ ਕੋਲ ਪ੍ਰੋਗਰਾਮ ਹੈ ਅਤੇ ਲੋਕਾਂ ਦਾ ਸਮਰਥਣ ਵੀ।

ਟਰੱਸਟ ਵਲੋਂ ਪਿੰਡ ਜੋਗਾ ਵਿੱਚ ਦੋ ਪ੍ਰੋਗਰਾਮਾਂ ਦਾ ਸ੍ਰੀ ਗਣੇਸ਼ ੨੧ ਮਈ ੨੦੦੩ ਨੂੰ ਕੀਤਾ ਗਿਆ। ਛਪੇ ਹੋਏ ਸੱਦਾ ਪੱਤਰ ਅਨੁਸਾਰ ਇਕ ਤਾਂ ਸੀ *ਪਰਜਾ ਮੰਡਲ ਲਹਿਰ ਦੇ ਬਾਨੀ ਸਿਰਕੱਢ ਕਮਿਊਨਿਸਟ ਨੇਤਾ, ਮੁਜ਼ਾਰਾ ਲਹਿਰ ਦੇ ਚਾਨਣ ਮੁਨਾਰੇ ਤੇ ਪ੍ਰਸਿਧ ਸਮਾਜ ਸੁਧਾਰਕ ਕਾ. ਜੰਗੀਰ ਸਿੰਘ ਜੋਗਾ ਦੀ ਯਾਦ ਵਿੱਚ ਪਿੰਡ ਵਾਸੀਆਂ ਵਲੋਂ ਉਸਾਰੇ ਜਾ ਰਹੇ ਕਾ. ਜੰਗੀਰ ਸਿੰਘ ਜੋਗਾ ਯਾਦਗਾਰੀ ਭਵਨ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ, ਸ੍ਰੀ ਠਾਕਰ ਉਦੇ ਸਿੰਘ ਜੀ ਵਲੋਂ* ਆਪਣੇ ਕਰ ਕਮਲਾਂ ਨਾਲ ਰੱਖਣਾ ਅਤੇ ਇਸੇ ਹੀ ਦਿਨ *ਪਿੰਡ ਜੋਗਾ ਦੇ ਮਲੇਰ ਕੋਟਲਾ ਦੇ ਰਕੜ ਵਿੱਚ ਗਊ ਗਰੀਬ ਦੀ ਰੱਖਿਆ ਲਈ ਸ਼ਹੀਦ ਹੋਏ ਚਾਰ ਨਾਮਧਾਰੀ ਸਿੰਘਾਂ ਦੀ ਯਾਦ ਵਿੱਚ ਉਸਾਰੇ ਜਾਣ ਵਾਲੇ "ਯਾਦਗਾਰੀ ਦਰਵਾਜ਼ੇ" ਦਾ ਨੀਂਹ ਪੱਥਰ ਰਖਣਾ।*

ਸੋ ਇਹ ਦੋਵੇਂ ਪ੍ਰੋਗਰਾਮ ਬਹੁਤ ਸ਼ਾਨ ਨਾਲ ਹੋਏ। ਨਾਮਧਾਰੀ ਦਰਬਾਰ ਵਲੋਂ ਠਾਕਰ ਉਦੇ ਸਿੰਘ ਜੀ ਦੇ ਨਾਲ ਸੰਤ ਦਲੀਪ ਸਿੰਘ, ਸੰਤ ਗੁਰਮੁਖ ਸਿੰਘ ਸ਼ਾਹ ਅਤੇ ਇਹਨਾਂ ਸਤਰਾਂ ਦਾ ਲੇਖਕ ਉਚੇਚੇ ਤੌਰ ਤੇ ਸ਼ਾਮਲ ਹੋਏ। ਮਾਨਸਾ ਜ਼ਿਲੇ ਦੇ ਏ-ਡੀ-ਸੀ ਅਤੇ ਹੋਰ ਅਫਸਰ ਆਏ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਤੋਂ ਇਕ ਉਚੇਚਾ ਡੈਲੀਗੇਸ਼ਨ ਪੁੱਜਾ। ਰਾਮਪੁਰਾ ਫੂਲ ਤੋਂ ਨਾਮਧਾਰੀ ਸਿੰਘ ਵੀ ਪੁੱਜੇ। ਸਮਾਗਮ ਇਕ ਭਰਵੇਂ ਜਲਸੇ ਦੇ ਰੂਪ ਵਿੱਚ ਹੀ ਹੋਇਆ ਜਿਸ ਵਿੱਚ ਸਾਰੇ ਹੀ ਰੰਗ ਸਨ।

ਸਮਾਗਮ ਵਿੱਚ ਪਿੰਡ ਦੇ ਸਰਪੰਚ ਸ. ਗੁਰਜੰਟ ਸਿੰਘ ਨੇ ਸਭ ਦਾ ਸੁਆਗਤ ਕੀਤਾ ਅਤੇ ਧੰਨਵਾਦ ਡਾ. ਹਰਮੰਦਰਜੀਤ ਕੌਰ ਨੇ ਕੀਤਾ। ਡਾ. ਬੀਬਾ ਨੇ ਕਿਹਾ ਕਿ ਅਸੀਂ ਸਤਿਗੁਰੂ ਜਗਜੀਤ ਸਿੰਘ ਤੋਂ ਕਿਰਪਾ ਜਾ ਹੱਥ ਹੀ ਮੰਗਦੇ ਹਾਂ। ਹੋਰ ਬਹੁਤ ਸਾਰੇ ਸਜਣ ਵੀ ਬੋਲੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਸਤ ਕੰਵਲਾਂ ਦੁਆਰਾ ਭੇਜੀ ਪਵਿਤਰ ਇੱਟ ਠਾਕੁਰ ਉਦੈ ਸਿੰਘ ਜੀ ਨੇ ਨੀਂਹ ਵਿੱਚ ਟਿਕਾਈ। ਇਸ ਤੋਂ ਪਹਿਲਾਂ ਸੰਤ ਦਲੀਪ ਸਿੰਘ ਜੀ ਨੇ ਵਿਧੀਵਤ ਅਰਦਾਸ ਕੀਤੀ।

ਯਾਦਗਾਰੀ ਦਰਵਾਜ਼ੇ ਦੀ ਨੀਂਹ ਦੀ ਇਟ ਵੀ ਰਖੀ ਗਈ ਅਤੇ ਯਾਦਗਾਰੀ ਲਿਖੇ ਹੋਏ ਪਥਰਾਂ ਦੀ ਨਕਾਬ ਕੁਸ਼ਾਈ ਕੀਤੀ ਗਈ। ਇਹ ਦਰਵਾਜ਼ਾ ਬਰਨਾਲਾ ਮਾਨਸਾ ਮੁੱਖ ਸੜਕ ਉਤੇ ਪਿੰਡ ਜੋਗੇ ਦੀ ਮੁਖ ਸੜਕ ਦੇ ਮੁੱਖ ਤੇ ਬਣੇਗਾ ਹਰ ਆਉਂਦੇ ਜਾਂਦੇ ਯਾਤਰੂ ਨੂੰ ਇਹਨਾਂ ਸ਼ਹੀਦਾਂ ਦੀ ਘਾਲਣਾ ਨੂੰ ਯਾਦ ਕਰਾਏਗਾ।

ਮਹਾਨ ਸ਼ਹੀਦਾਂ ਦੀ ਯਾਦ ਵਿੱਚ ਪਿੰਡ ਪਿੰਡ ਯਾਦਗਾਰਾਂ ਸਥਾਪਤ ਹੋਣੀਆਂ ਚਾਹੀਦੀਆਂ ਹਨ। ਜੋਗਾ ਪਰਿਵਾਰ, ਪਿੰਡ ਜੋਗਾ ਦੀ ਪੰਚਾਇਤ ਅਤੇ ਲੋਕ ਮੁਬਾਰਕਬਾਦ ਅਤੇ ਪਰਸੰਸਾ ਦੇ ਹੱਕਦਾਰ ਹਨ ਕਿ ਉਹਨਾਂ ਨੇ ਮਹਾਨ ਸ਼ਹੀਦਾਂ ਦੀ ਯਾਦ ਮਨਾਂ ਵਿੱਚ ਵੀ ਕਾਇਮ ਰੱਖੀ ਹੈ ਅਤੇ ਸਮਾਰਕ ਦੇ ਰੂਪ ਵਿੱਚ ਵੀ ਸੰਭਾਲ ਰਹੇ ਹਨ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

**&**

**DOUBLE BARREL**

**B. L. — 12 BORE**

**GUNS**

**MODERN GUN WORKS**

**OPP. INDUSTRIAL ESTATE, JAMMU CANTT.**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪ੍ਰਿੰਸੀਪਲ ਬੀਬੀ ਬੇਅੰਤ ਕੌਰ ਜੀ ਨੂੰ ਯਾਦ ਕਰਦਿਆਂ

## ਲਾਲ ਏਹਿ ਰਤਨ-੪ ਦੇ ਸੰਦਰਭ ਵਿਚ

***—ਸੁਵਰਨ ਸਿੰਘ ਵਿਰਕ***

੧੫ ਅਪ੍ਰੈਲ ੨੦੦੩ ਈ. ਨੂੰ ਦੇਸ਼ ਦੀ ਰਾਜਧਾਨੀ ਵਿਖੇ, ਆਪਣਾ ਪ੍ਰਾਪਤੀਆਂ ਭਰਪੂਰ ਜੀਵਨ ਸਫ਼ਰ ਸੰਪੂਰਨ ਕਰਨ ਵਾਲੇ, ਪ੍ਰਿੰਸੀਪਲ ਬੀਬੀ ਬੇਅੰਤ ਕੌਰ ਜੀ ਆਪਣੇ ਜਿਉਂਦੇ ਜੀਅ ਏਨਾ ਕੁ ਕੰਮ ਕਰ ਗਏ ਹਨ ਕਿ ਨਾਮਧਾਰੀ ਪੰਥ ਨਾਲ ਸੰਬੰਧਿਤ ਪੰਜਾਬੀ ਸਾਹਿਤਕਾਰਾਂ ਵਿਚ ਉਹਨਾਂ ਨੂੰ ਗੌਰਵਮਈ ਸਥਾਨ ਮਿਲਣਾ, ਤਹਿ ਹੋ ਚੁੱਕਾ ਹੈ। ਅਜੇ ਕੁਲ ਸੱਠਾਂ ਕੁ ਸਾਲਾਂ ਦੀ ਗੱਲ ਹੈ ਕਿ ਪੰਜਾਬ ਦੇ ਲਿਖਣ ਪੜ੍ਹਣ ਵਾਲੇ ਹਿੰਦੀ, ਉਰਦੂ ਅਤੇ ਅੰਗਰੇਜ਼ੀ ਵੱਲ ਹੀ ਲਲਚਾਈਆਂ ਨਜ਼ਰਾਂ ਨਾਲ ਵੇਖਦੇ ਸਨ। ਇਹ ਤੇ ਗੁਰੁਦੇਵ ਰਵਿੰਦਰ ਨਾਥ ਟੈਗੋਰ ਨੂੰ ਸ਼ਰਫ ਜਾਂਦਾ ਹੈ ਕਿ ਬਹੁਤ ਸਾਰੇ ਸੰਭਾਵਨਾਵਾਂ ਭਰਪੂਰ ਪੰਜਾਬੀ ਯੁਵਕਾਂ ਨੂੰ ਉਹਨਾਂ ਆਪਣੀ ਮਾਂ ਬੋਲੀ ਨਾਲ ਜੋੜਿਆ। ਇਸ ਵਿਚ ਲਿਖਣ ਲਈ ਪ੍ਰੇਰਿਆ ਅਤੇ ਆਖਿਆ ਕਿ ਕੋਈ ਵੀ ਮਾਤ-ਭਾਸ਼ਾ ਜਾਹਲ ਜਾਂ ਗਵਾਰ ਨਹੀਂ ਹੁੰਦੀ। ਸਿੱਖ ਸਾਹਿਤ ਦਾ ਵੱਡਾ ਹਿੱਸਾ ਬਰਿੱਜ ਭਾਸ਼ਾ ਵਿਚ ਮਿਲਦਾ ਹੈ। ਇਹ ਦੇਣ ਮਹਾਨ ਇਨਕਲਾਬੀ ਲੋਕ-ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹੈ ਕਿ ਉਨ੍ਹਾਂ ਨੇ ਉਨ੍ਹੀਵੀਂ ਸਦੀ ਵਿਚ ਪਜਾਬ ਦੇ ਲੋਕਾਂ ਨੂੰ ਵਿਸ਼ੇਸ਼ ਕਰ ਆਪਣੇ ਪੈਰੋਕਾਰਾਂ ਨੂੰ ਪੰਜਾਬੀ ਮਾਂ ਬੋਲੀ ਵੱਲ ਨਾ ਕੇਵਲ ਰੁਚਿਤ ਹੀ ਕੀਤਾ, ਸਗੋਂ ਹਰ ਨਾਮਧਾਰੀ ਜਾਂ ਕੂਕੇ ਸਿੰਘ ਲਈ ਗੁਰਮੁਖੀ ਅੱਖਰਾਂ ਦਾ ਗਿਆਨ ਲਾਜ਼ਮੀ ਕਰਕੇ ਇਕ ਵੱਡਾ ਕਰਤਾਰੀ ਕਾਰਜ ਕਰ ਦਿੱਤਾ। ਇਸੇ ਲਈ ਅੱਜ ਜਦੋਂ ਪੰਜਾਬੀ ਸਾਹਿਤਕਾਰਾਂ ਦੀ ਨਾਮਧਾਰੀਆਂ ਵਿਚ ਨਿਸ਼ਾਨਦੇਹੀ ਕੀਤੀ ਜਾਂਦੀ ਹੈ ਤਾਂ ਗਿਣਤੀ ਅਤੇ ਗੁਣ ਦੇ ਪੱਖੋਂ ਕੰਮ ਤਸੱਲੀਬਖਸ਼ ਕਿਹਾ ਜਾ ਸਕਦਾ ਹੈ।

ਸਾਹਿਤਕਾਰੀ ਦੇ ਖੇਤਰ ਵਿਚ ਹੋਰ ਖੇਤਰਾਂ ਜਿਉਂ ਹੀ ਸਾਡੀਆਂ ਭੈਣਾਂ ਦਾ ਪ੍ਰਵੇਸ਼ ਵੀ ਕੁਝ ਸੀਮਿਤ ਜਿਹਾ ਹੀ ਹੁੰਦਾ ਸੀ। ਮਰਦ ਪ੍ਰਧਾਨ ਸਮਾਜਿਕ ਤਾਣੇ ਪੇਟੇ ਦੀਆਂ ਸ੍ਵੈ ਸਿਰਜਤ ਵਰਜਨਾਵਾਂ ਸਨ। ਭਾਵੇਂ ਗੁਰੂ ਨਾਨਕ ਜੀ ਨੇ ਵੀ ਮਾਈਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਪਰ ਕੁਝ ਕ੍ਰਾਂਤੀਕਾਰੀ ਕਦਮਾਂ ਸਦਕਾ, ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਇਸਤਰੀਆਂ ਦਾ ਪਹਿਲਾ ਮੁਕਤੀ-ਦਾਤਾ ਕਿਹਾ ਗਿਆ ਹੈ। ਇਹ ਬੀਬੀ ਬੇਅੰਤ ਕੌਰ ਜੀ ਦੀ ਖੁਸ਼ਕਿਸਮਤੀ ਸੀ ਕਿ ਉਹਨਾਂ ਨੂੰ ਸੂਬਾ ਗੰਡਾ ਸਿੰਘ ਜੀ (ਪਹਿਲਾਂ ਗੁਜਰਾਂ ਵਾਲਾ ਫਿਰ ਦਿੱਲੀ) ਜੈਸਾ ਸਾਧੂ ਸਵਰੂਪ ਪਿਤਾ ਅਤੇ ਦਰਵੇਸ਼ ਤਬੀਅਤ, ਗੁਰਮੁਖ ਮਾਇਆ ਵਿਚ ਉਦਾਸੀ, ਸ. ਸੰਤ ਸਿੰਘ ਜੀ ਵਰਗਾ ਜੀਵਨ-ਸਾਥੀ ਮਿਲਿਆ। ਜੀਵਨ ਦੇ ਆਖਰੀ ੧੩ ਸਾਲਾਂ ਵਿਚ ੧੪ ਪੁਸਤਕਾਂ ਦਾ ਛਪਕੇ ਸੰਗਤ ਦੇ ਹੱਥਾਂ ਵਿਚ ਆ ਜਾਣਾ ਕੋਈ ਛੋਟੀ ਗੱਲ ਨਹੀਂ। ਬੜੀ ਵੇਰ ਵੇਖਿਆ ਗਿਆ ਸੀ ਕਿ ਭਾਈ ਸੰਤ ਸਿੰਘ ਜੀ ਬੀਬੀ ਹੋਰਾਂ ਦੇ ਰਚਨਾ ਕਰਮ ਵਿਚ ਅਤਿ ਸਰਗਰਮ-ਸਹਿਯੋਗੀ ਦੀ ਭੂਮਿਕਾ ਨਿਭਾ ਰਹੇ ਹੁੰਦੇ ਹਨ। ਬੀਬੀ ਜੀ ਅੰਗਰੇਜ਼ੀ ਤੇ ਪੰਜਾਬੀ ਵਿਸ਼ਿਆਂ ਵਿਚ ਐਮ.ਏ., ਹਿੰਦੀ ਵਿਚ "ਸਾਹਿਤ ਰਤਨ" ਤੋਂ ਇਲਾਵਾ ਬੀ.ਟੀ. ਦੀ ਪ੍ਰੀਖਿਆ ਵੀ ਪਾਸ ਕਰ ਚੁੱਕੇ ਸਨ। ਭਾਰਤ ਸਰਕਾਰ ਦੇ ਇਕ ਪ੍ਰਸਿੱਧ ਸਿਖਿਅਕ ਅਦਾਰੇ ਵਿਚ ਪ੍ਰਿੰਸੀਪਲ ਸਨ। ਦਿੱਲੀ ਵਿਚ ਨਾਮਧਾਰੀ ਸੰਗਤ ਨੇ ਜਦੋਂ ਆਪਣੇ ਬੱਚਿਆਂ ਲਈ ਸ਼ਹੀਦ ਬਿਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਿਆ ਤਾਂ ਆਪਣੇ ਪੰਥਕ ਜਜ਼ਬੇ ਅਧੀਨ, ਹੁਕਮ ਦੀ ਕਾਰ ਵਿਚ ਸੌ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਸਰਕਾਰੀ ਨੌਕਰੀ ਨੂੰ ਲੱਤ ਮਾਰ ਦਿੱਤੀ ਅਤੇ ਫੜ ਲਈ ਹੱਥ ਵਿਚ ਕਲਮ ਤੇ ਕਰ ਲਿਆ ਪ੍ਰਣ ਆਪਣੇ ਪੰਥ ਦੇ ਸਾਹਿਤਕ ਪਛੜੇਂਵੇ ਨੂੰ ਦੂਰ ਕਰਨ ਦਾ। ਰਸਾਲਿਆਂ ਵਿਚ ਲੇਖ ਲਿਖਣੇ, ਸਕੂਲ ਦੇ ਮੈਗਜ਼ੀਨਾਂ ਵਿਚ ਲਿਖਣਾ, ਭਾਵੇਂ ਉਹਨਾਂ ਨੂੰ ਅੰਗਰੇਜ਼ੀ ਹਿੰਦੀ ਤੇ ਵੀ ਇਕੋ ਜਿਹਾ ਅਧਿਕਾਰ ਸੀ, ਪਹਿਲ ਆਪਣੀ ਮਾਂ ਬੋਲੀ ਨੂੰ ਹੀ ਦਿੱਤੀ। ਸ਼ਾਇਦ ਇਸ ਵਿਚ ਉਹਨਾਂ ਨੂੰ ਕਿਤੇ ਆਪਣੇ ਚੀਨੀ ਵਾਲੇ ਪਾਤਸ਼ਾਹ ਦੇ ਹੁਕਮਾਂ ਦੀ ਤਾਮੀਲ ਕਰਨ ਤੋਂ ਮਿਲਣ ਵਾਲੀ ਦਿਲੀ ਤਸਕੀਨ ਵੀ ਸ਼ਾਮਲ ਸੀ। ਸਰੀਰ ਨੂੰ ਕੁਝ ਨਾਮੁਰਾਦ ਰੋਗਾਂ ਨੇ ਘੇਰਿਆ ਸੀ ਪਰ ਉਹਨਾਂ ਹਿੰਮਤ ਨਹੀਂ ਛੱਡੀ। ਅਸਾਧਾਰਨ ਹਾਲਤਾਂ ਵਿਚ ਵੀ ਆਪਣਾ ਲਿਖਣ ਤੇ ਪੁਸਤਕਾਂ ਛਪਵਾਉਣ ਦਾ ਕਾਰਜ ਜਾਰੀ ਰੱਖਿਆ। ਪਹਿਲੀ ਪੁਸਤਕ ਪਿਤਾ ਸ੍ਰੀ ਸੂਬਾ ਗੰਡਾ ਸਿੰਘ ਜੀ ਬਾਰੇ ਸੀ। ਜਿਸ ਵਿਚ ਗੁਜਰਾਂਵਾਲਾ ਅਤੇ ਆਸ ਪਾਸ ਦੇ ਇਲਾਕਿਆਂ ਦੀਆਂ ਨਾਮਧਾਰੀਆਂ ਸੰਤ ਮੰਡਲੀਆਂ ਦੇ ਦਰਸ਼ਨ ਹੁੰਦੇ ਹਨ। ਦੂਜੀ ਪੁਸਤਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਕਾਲ ਵਿਚ ਹੋਏ ਹੋਲੇ ਮੁਹੱਲਿਆਂ ਮਹਾਨ ਨਾਮਧਾਰੀ ਪ੍ਰਚਾਰਕਾਂ ਜਥੇਦਾਰਾਂ,



Sri Satguru Jagjit Singh Ji eLibrary NamdhariElibrary@gmail.com

ਰਾਗੀ ਸਿੰਘਾਂ, ਮਸਤਾਨਿਆਂ ਦੇ ਇਤਿਹਾਸ ਨੂੰ, ਅਤੇ ਪੂਰਬੀ ਤੇ ਪੱਛਮੀ ਪੰਜਾਬ ਤੋਂ ਇਲਾਵਾ ਅਫਰੀਕਾ ਤੱਕ ਦੇ ਭੂਗੋਲ ਨੂੰ ਸਮੇਟਦੀ ਹੈ, ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ। ਫਿਰ ਦੋ ਪੁਸਤਕਾਂ ਵਿਚੋਂ ਬ੍ਰਿਹੋਂ ਕੁੱਠੇ ਰਾਮ ਵਿਯੋਗੀਆਂ ਦੇ ਹਵਾਲਿਆਂ ਨਾਲ ਬਾਰਾਂ ਮਾਹ ਮਾਝ ਪਾਤਸ਼ਾਹੀ ਪੰਜਵੀਂ ਅਤੇ ਬਾਰਾਂ ਮਾਹ ਤੁਖਾਰੀ ਪਾਤਸ਼ਾਹੀ ਪਹਿਲੀ ਦਾ ਜਜ਼ਬਾਤਮਕ ਅਤੇ ਕਲਾਤਮਕ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਸਮ ਬਾਣੀ ਵਿਚ ਰਚੇ ਬਾਰਾਂ ਮਾਂਹ ਤੇ ਅਤੇ ਬਚਿੱਤਰ ਨਾਟਕ ਨੂੰ ਇਕ ਅਪੂਰਵ ਕ੍ਰਿਤੀ ਦੱਸਦੀਆਂ ਪੁਸਤਕਾਂ ਵੀ ਲਿਖੀਆਂ। ਨਾਮਧਾਰੀ ਅਤੇ ਹੋਰ ਸਿੱਖ ਬੀਬੀਆਂ ਬਾਰੇ "ਦਰਸ ਪਿਆਸੀ" ਪੁਸਤਕ ਲਿਖੀ। ਕਲਿਜੁਗ ਵਿਚ ਸਤਿਜੁਗ ਵਰਤਾਉਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਤੇ ਆਧਾਰਿਤ 'ਨਮੋ ਨਾਥ ਪੂਰੇ' ਦੀ ਰਚਨਾ ਕੀਤੀ। ਕੌਮਾਂ ਦੇ ਇਤਿਹਾਸ ਨੂੰ ਜਿਊਂਦਾ ਰੱਖਣ ਲਈ, ਉਹਨਾਂ ਦੀਆਂ ਰਗਾਂ ਵਿਚ ਦੌੜਦੇ ਖੂਨ ਨੂੰ ਜੁੰਬਸ਼ ਦੇਣ ਲਈ ਸਿਰਾਂ ਦਾ ਸੌਦਾ ਕਰਨ ਵਾਲੇ ਵਣਜਾਰਿਆਂ ਸ਼ਹੀਦ ਸਿੰਘਾਂ 'ਤੇ ਮੁਕੰਮਲ ਪੁਸਤਕ "ਧਰਮ ਹੇਤ ਸਾਕਾ ਜਿਨ ਕੀਆ" ਲਿਖ ਦਿੱਤੀ। ਨਾਮਧਾਰੀ ਰਹਿਤ ਮਰਿਆਦਾ ਬਾਰੇ ਵੀ ਉਹਨਾਂ ਪਾਸ ਤਿਆਰ ਪੁਸਤਕ ਦਾ ਖਰੜਾ ਮੈਂ ਵੇਖਿਆ ਸੀ। ਪੰਜਾਬ ਅਤੇ ਹਿੰਦੁਸਤਾਨ ਤੋਂ ਬਾਹਰ ਦੇ ਸੰਸਾਰ ਨਾਲ ਨਾਮਧਾਰੀ ਜਗਤ ਦੀ ਜਾਣ ਪਛਾਣ ਕਰਵਾਉਣ ਲਈ ਅੰਗਰੇਜ਼ੀ ਵਿਚ "ਦੀ ਨਾਮਧਾਰੀ ਸਿੱਖਜ਼" ਬੜੇ ਸੁੰਦਰ ਕਾਗਜ਼ ਤੇ ਛਪਵਾਈ। ਛਪਵਾਈ ਦੇ ਪੱਖੋਂ, ਦਿੱਖ ਦੇ ਪੱਖੋਂ ਵੀ ਸਭੇ ਪੁਸਤਕਾਂ ਕਮਾਲ ਦੀਆਂ ਹਨ। ਉਹਨਾਂ ਦੀ ਨਫਾਸਤ ਨੂੰ ਘਟੀਆ ਸਤਰ ਤੇ ਹੋਇਆ ਕੋਈ ਵੀ ਕੰਮ ਪਸੰਦ ਨਹੀਂ ਸੀ।

ਉਪਰੋਕਤ ਮੌਲਿਕ ਪੁਸਤਕਾਂ ਤੋਂ ਇਲਾਵਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ਾਂ ਤੇ ਆਧਾਰਿਤ ਪੰਜ ਪੁਸਤਕਾਂ "ਲਾਲ ਏਹਿ ਰਤਨ" ਨਾਮ ਹੇਠ ਸੰਪਾਦਿਤ ਕਰਨ ਦਾ ਸ਼ਰਫ ਵੀ ਬੀਬੀ ਜੀ ਨੂੰ ਹਾਸਲ ਹੋਇਆ ਹੈ। ਮੈਂ ਸਮਝਦਾ ਹਾਂ ਕਿ ਉਹਨਾਂ ਦੀ ਇਹ ਸੇਵਾ ਵੀ ਉਹਨਾਂ ਦੀ ਕੀਰਤੀ ਨੂੰ ਚਿਰ-ਕਾਲਿਕ ਬਨਾਉਣ ਵਿਚ ਸਹਾਈ ਹੋਵੇਗੀ। ਸਿਆਮ ਦੀ ਸੰਗਤ ਦੇ ਸਹਿਯੋਗ ਸਦਕਾ ੧੯੪੮ ਤੋਂ ੧੯੫੮ ਤੱਕ ਸਤਿਗੁਰੂ ਜੀ ਦੀਆਂ ਸਿਆਮ ਫੇਰੀਆਂ ਤੇ ਉਹਨਾਂ ਦੇ ਪ੍ਰਵਚਨਾਂ ਨੂੰ ਆਧੁਨਿਕ ਵਿਗਿਆਨਕ ਪ੍ਰਾਪਤੀਆਂ ਸਦਕਾ ਟੇਪ ਕਰ ਲਿਆ ਜਾਂਦਾ ਸੀ। ਇਹਨਾਂ ਨੂੰ ਪੁਸਤਕ ਰੂਪ ਦੇਣ ਦੀ ਸੇਵਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਬੀਬੀ ਜੀ ਨੂੰ ਮਿਲ ਗਈ। ਸ੍ਰੀ ਸਤਿਗੁਰੂ ਜੀ ਨੇ ਆਪ ਵੀ ਇਸ ਕਾਰਜ ਵਿਚ ਸਖਤ ਪ੍ਰੀਸ਼ਮ ਕੀਤਾ। ਕਈ ਵੇਰ ਦਿਨ ਰਾਤ ਇਕ ਕਰ ਦਿੱਤੇ ਇਹਨਾਂ ਦਾ ਪਾਠ ਕਰਦਿਆਂ। ਹੋਰ ਵਿਦਵਾਨ ਸੱਜਣਾਂ ਦੀ ਸਹਾਇਤਾ ਵੀ ਲਈ ਗਈ ਅਤੇ ਫਿਰ ਇਹ ਰਤਨਾਂ ਦੀ ਖਾਨ ਸੰਸਾਰੀ ਲੋਕਾਂ ਦੇ ਹੱਥਾਂ ਵਿਚ ਆਉਣੀ ਸੰਭਵ ਹੋਈ। ਇਹ ਵੀ ਇਕ ਸੰਜੋਗ ਹੈ ਕਿ ਅਕਾਲ ਚਲਾਣੇ ਤੋਂ ਸ਼ਾਇਦ ਇਕ ਦਿਨ ਪਹਿਲਾਂ ਹੀ ਵੈਸਾਖੀ ੨੦੬੦ ਬਿਕ੍ਰਮੀ ਨੂੰ "ਲਾਲ ਏਹਿ ਰਤਨ" ਦਾ ਚੌਥਾ ਭਾਗ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰੀਲੀਜ਼ ਹੋਇਆ। ਬੀਬੀ ਜੀ ਤਿੰਨ ਮਹੀਨੇ ਦੇ ਕਰੀਬ ਕੌਮਾ (ਬੇਹੋਸ਼ੀ) ਵਿਚ ਰਹੇ। ਸ. ਸੰਤ ਸਿੰਘ ਉਹਨਾਂ ਦੀ ਹਾਲਤ ਕਰਕੇ ਨਾ ਜਾ ਸਕੇ। ਉਹਨਾਂ ਦੇ ਛੋਟੇ ਭਾਈ ਡਾ. ਰਜਿੰਦਰ ਸਿੰਘ ਹੋਰਾਂ ਨੇ ਹੀ ਪੁਸਤਕ ਸਤਿਗੁਰੂ ਜੀ ਨੂੰ ਲਿਆ ਕੇ ਅਰਪਿਤ ਕੀਤੀ। ਹੇਠਾਂ ਅਸੀਂ ਇਸ ਚੌਥੇ ਭਾਗ ਦੇ ਵਿਸ਼ੇ ਵਸਤੂ ਦੀ ਸੰਖੇਪ ਚਰਚਾ ਕਰਕੇ ਹੀ ਉਸ ਦਾਨਸ਼ਵਰ ਬੀਬੀ ਨੂੰ ਆਪਣੇ ਸ਼ਰਧਾ ਸੁਮਨ ਅਰਪਿਤ ਕਰਾਂਗੇ।

ਇਸ ਚੌਥੇ ਹਿੱਸੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੫੫ ਅਤੇ ੧੯੫੬ ਦੋ ਸਾਲਾਂ ਵਿਚ ਥਾਈਲੈਂਡ ਦੇ ਜਿਹੜੇ ਦੌਰੇ ਕੀਤੇ। ਉਹਨਾਂ ਦਰਮਿਆਨ ਸੰਗਤ ਵਿਚ ਕੀਤੇ ਬਚਨ ਬਿਲਾਸ ਦਰਜ ਹਨ। ਇਹ ਉਹ ਸਮਾਂ ਹੈ ਜਦੋਂ ਨਾ ਸਿਰਫ ਹਿੰਦੁਸਤਾਨ, ਅੰਗਰੇਜ਼ ਸਾਮਰਾਜ ਦੇ ਜੂਲੇ ਵਿਚੋਂ ਨਿਕਲ ਚੁੱਕਾ ਹੈ ਸਗੋਂ ਸਾਮਰਾਜ ਦੇ ਹੋਰ ਦੁਰਗ ਵੀ ਇਕ ਇਕ ਕਰਕੇ ਢਹਿ ਢੇਰੀ ਹੋ ਰਹੇ ਹਨ। ਰੂਸ ਤੋਂ ਬਾਦ ਚੀਨ ਕਮਿਊਨਿਸਟ ਸ਼ਾਸਨ ਹੇਠ ਸਮਾਜਵਾਦੀ ਰਸਤੇ ਤੇ ਅੱਗੇ ਵਧ ਰਿਹਾ ਹੈ। ਸੋਵੀਅਤ ਤਰਜ਼ ਤੇ ਅਗੇਤੇ ਵਿਕਾਸ ਲਈ ਸਾਡੇ ਆਪਣੇ ਮੁਲਕ ਵਿਚ ਪੰਜ ਸਾਲਾ ਯੋਜਨਾਵਾਂ ਬਣ ਰਹੀਆਂ ਹਨ। ਸਤਿਗੁਰੂ ਜੀ ਇਸ ਸਾਰੇ ਕਾਰਜ ਕਰਮ ਤੇ ਇਕ ਭਵਿੱਖ ਮੁਖੀ ਝਾਤ ਪਾ ਰਹੇ ਹਨ। ਜੇ ਦੇਸ਼ ਵਿਚੋਂ ਰਿਆਸਤਾਂ ਤੋੜ ਦਿੱਤੀਆਂ ਗਈਆਂ ਹਨ ਤਾਂ ਉਹਨਾਂ ਨੂੰ ਸਤਿਗੁਰੂ ਰਾਮ ਜੀ ਨਾਲ ਸੰਬੰਧਿਤ ਸੌ ਸਾਖੀ ਦੇ ਬਚਨ ਯਾਦ ਆ ਰਹੇ ਹਨ ਕਿ ਸਤਿਗੁਰੂ ਰਾਮ ਸਿੰਘ ਰਾਜਿਆਂ ਦੀਆਂ ਜੜ੍ਹਾਂ ਪੁੱਟ ਦੇਣਗੇ। ਉਹ ਉੱਚੇ ਨੀਵਿਆਂ ਨੂੰ ਬਰਾਬਰ ਕਰਕੇ ਧਰਤੀ ਇਕ ਰਸ ਕਰ ਦੇਣਗੇ। ਸਤਿਗੁਰੂ ਜੀ ਕਹਿੰਦੇ ਹਨ :-

*"ਤੇ, ਹੁਣ ਅਗਲਾ ਜਿਹੜਾ ਸਮਾਂ ਹੈ ਉਹ ਕੀ ਹੈ—ਜਿਹਨੂੰ ਸਾਹਿਬਾਂ ਨੇ ਕਿਹਾ ਹੈ ਕਿ*

*ਮਾਇਆ ਇਕੱਠੀ ਕਰਕੇ ਦੇਹੋ ਲੰਗਰ ਲਾਇ।*
*ਨੰਗਾ ਭੁੱਖਾ ਅਰਥੀਆ ਖਾਲੀ ਕੋਇ ਨਾ ਜਾਇ।*
*ਅਜੇ ਹੁਣ ਦੇਖੀਦੈ, ਅੱਜ ਮੈਂ ਗਿਆ ਹਾਂ ਪਾਰ, ਸਿੱਖਾਂ ਦੇ*



Sri Satguru Jagjit Singh Ji eLibrary NamdhariElibrary@gmail.com

*ਘਰ-ਉਹਨਾਂ ਗਰੀਬਾਂ ਨੇ ਝੁੱਗੀਆਂ ਲੈ ਕੇ ਡੇਰੇ ਲਾਏ ਹੋਏ ਨੇ। ਜਿਹਨਾਂ ਦੀ ਆਪਣੀ ਹਾਲਤ ਜਿਹੜੀ ਹੈ—ਧੰਨ ਉਹ ਗੁਰੂ ਕੇ ਸਿੱਖ ਹਨ, ਜਿਹੜੇ ਇਸ ਹਾਲਤ ਵਿਚ ਵੀ ਲੰਗਰ ਦੀ ਸੇਵਾ ਕਰਨ ਨੂੰ ਆਪਣਾ ਧੰਨ ਭਾਗ ਸਮਝਦੇ ਹਨ। ਆਪਣੇ ਪਾਸਿਉਂ ਕਹਿੰਦਿਆਂ ਕਹਾਉਂਦਿਆਂ ਫੇਰ ਵੀ ਉਹ ਨਹੀਂ ਹਟਦੇ।*

*ਨੰਗਾ ਭੁੱਖਾ ਅਰਥੀਆ ਖਾਲੀ ਕੋਈ ਨਾ ਜਾਇ।*

*ਉਹ ਦਿਨ ਆਵੇਗਾ ਜਿਦਣ ਕੋਈ ਨੰਗਾ ਭੁੱਖਾ ਅਰਥੀਆ ਹੀ ਨਹੀਂ ਰਹੇਗਾ।"*

ਦੇਸ਼ ਦੇ ਰਾਜ ਪ੍ਰਬੰਧ ਤੇ ਵੀ ਸਤਿਗੁਰੂ ਜੀ ਬੜੀਆਂ ਸਟੀਕ ਟਿਪਣੀਆਂ ਕਰਦੇ ਹਨ। ਉਹ ਸਮਝਦੇ ਹਨ ਕਿ ਕੱਲ੍ਹ ਤੱਕ ਜੋ ਅੰਗਰੇਜਾਂ ਦੇ ਝੋਲੀ ਚੁੱਕ ਸਨ ਅੱਜ ਉਹੋ ਭ੍ਰਿਸ਼ਟ ਲੋਕ ਕਾਂਗਰਸ ਸਾਸ਼ਨ ਦਾ ਅੰਗ ਹਨ ਭਾਵੇਂ ਇਕ ਦੋ ਚੰਗੇ ਆਗੂਆਂ ਦਾ ਉਹ ਨਿਖੇੜਾ ਵੀ ਕਰਦੇ ਹਨ। ਫੁਰਮਾਉਂਦੇ ਹਨ :-

*"ਅੱਜ ਰਾਜ ਹਿੰਦੁਸਤਾਨ ਵਿਚ ਹਿੰਦੁਸਤਾਨੀਆਂ ਦਾ ਹੋ ਗਿਐ, ਲੇਕਿਨ ਹਿੰਦੁਸਤਾਨ ਦੀ ਕਾਇਆ ਨਹੀਂ ਪਲਟੀ। ਹਿੰਦੁਸਤਾਨ ਵਿਚ ਅੱਗੇ ਨਾਲੋਂ ਰਿਸ਼ਵਤ ਜ਼ਿਆਦਾ ਹੈ, ਅੱਗੇ ਨਾਲੋਂ ਇਕ ਦੂਏ ਨਾਲ ਦੁਸ਼ਮਣੀ ਜ਼ਿਆਦਾ ਹੈ। (ਫਿਰਕਾਪ੍ਰਸਤੀ ਦੇ ਵਾਧੇ ਤੇ ਚਿੰਤਤ ਹਨ-ਸ.ਸ. ਵਿਰਕ) ਭਲੇ ਮਾਨਸ ਦੀ ਅਜੇ ਕੋਈ ਇਜ਼ਤ ਨਹੀਂ। ਕਿਉਂ ਜੇ ਦੋ ਚਾਰ ਆਦਮੀ ਪੰਡਿਤ ਜੀ ਵਰਗੇ ਜਵਾਹਰ ਲਾਲ ਵਰਗੇ, ਜਾਂ ਬਾਬੂ ਰਜਿੰਦਰ ਪਰਸਾਦ ਵਰਗਿਆਂ ਨੂੰ ਮੰਨ ਲਈਏ, ਤਾਂ ਉਹਨਾਂ ਦੇ ਨਾਲ ਹਜ਼ਾਰਾਂ ਆਦਮੀ ਉਹ ਹਨ, ਜਿਹੜੇ ਬੁਰੇ ਹਨ, ਜਿਹੜੇ ਅੰਗਰੇਜ਼ ਦੇ ਵੇਲੇ ਸਨ ਅੰਗਰੇਜਾਂ ਦੇ ਪਿੱਠੂ, ਹੁਣ ਉਹਨਾਂ ਨੇ, ਕਿਸੇ ਨੇ ਹਿੰਦੂਆਂ ਨੇ ਖੱਦਰ ਦੀਆਂ ਟੋਪੀਆਂ ਪਾ ਲਈਆਂ-ਮੁਸਲਮਾਨਾਂ ਨੇ ਪਾ ਲਈਆਂ-ਸਿੱਖਾਂ ਨੇ ਖੱਦਰ ਦੀਆਂ ਪੱਗਾਂ ਬੰਨ੍ਹ ਲਈਆਂ। ਉਹਨਾਂ ਦੀ ਆਪਣੀ ਉਹੋ ਆਦਤ ਹੈ ਅਜੇ।"* [2]

ਅਲੀ ਸਰਦਾਰ ਜਾਫਰੀ ਵੀ ਤਾਂ ਇਹੋ ਕਹਿੰਦਾ ਸੀ :-

"ਯੇਹ ਤਖਤ ਵੋਹ ਹੈ ਜਿਸ ਕੇ ਪਾਏ ਹਮਾਰੇ ਦਿਲ ਮੇਂ ਗੜੇ ਹੈਂ
ਯੇਹ ਫਰਸ਼ ਵੋ ਹੈ ਜਹਾਂ ਫਿਰੰਗੀ ਕੇ ਭੂਤ ਰਾਤ ਦਿਨ ਚਲਤੇ ਹੈਂ।"

ਸਾਂਵੀ ਪੱਧਰੀ ਜ਼ਿੰਦਗੀ ਦੀ ਸੁਚੱਜੀ ਤੌਰ ਤੇ ਚੱਲਣ ਦੀ ਵਿਆਖਿਆ ਆਪ ਬੜੇ ਸਾਦੇ ਸ਼ਬਦਾਂ ਵਿਚ ਕਰਦੇ ਹਨ। ਮਾਨਵਤਾਵਾਦੀ ਸਮਾਜਵਾਦ ਗੁਰਬਾਣੀ ਦੀ ਕੇਂਦਰੀ ਵਿਚਾਰਧਾਰਾ ਹੈ। ਨਾ ਬਹੁਤੀ, ਨਾ ਥੋੜ੍ਹੀ ਵਿਚ ਵਿਚਲਾ ਰਾਹ। ਉਹ ਥੋੜ੍ਹੇ ਪੈਸੇ ਵਾਲਿਆਂ ਨੂੰ ਆਪ ਤੋਂ ਵੱਡੇ ਸੇਠ ਦਿਆਲ ਸਿੰਘ ਜੀ ਬਜਾਏ, ਆਪਣੇ ਤੋਂ ਛੋਟੇ ਦਰਜੀ ਵਰਿਆਮ ਸਿੰਘ ਵੱਲ ਵੇਖਣ ਦੀ ਰਾਇ ਦਿੰਦੇ ਹਨ। ਗਰੀਬਾਂ ਨਿਤਾਣਿਆਂ ਤੇ ਲੋੜਵੰਦਾਂ ਦੀ ਮਦਦ ਲਈ ਪ੍ਰੇਰਣਾ ਕਰਦੇ ਹਨ ਕਿਉਂਕਿ ਗਰੀਬ ਸਿੱਖ ਦੇ ਮੂੰਹ ਨੂੰ ਹੀ ਦਸਮ ਸਤਿਗੁਰੂ ਜੀ ਨੇ, ਗੁਰੂ ਦੀ ਗੋਲਕ ਆਖਿਆ ਸੀ। ਜਿੰਨਾ ਕੁ ਕਿਸੇ ਪਾਸ ਜੁਗਾੜ ਹੈ ਉਨੇ ਵਿਚ ਗੁਜ਼ਾਰਾ ਕਰਨ ਦੀ ਸੰਜਮੀ ਜੁਗਤ ਦਸ ਕੇ ਜੀਵਨ ਪੰਧ ਸੁਖਾਲਾ ਕਰਨ ਬਾਰੇ ਇਉਂ ਚਰਚਾ ਕਰਦੇ ਹਨ :

*"ਭਾਵੇਂ ਦੋ ਪੈਸੇ, ਚਾਰ ਪੈਸੇ, ਕਿਸੇ ਗਰੀਬ ਦੀ ਖਬਰ ਲਿਆ ਕਰੋ, ਜਿੰਨੀ ਤੁਸੀਂ ਕਰ ਸਕਦੇ ਹੋ, ਇਸ ਵੇਲੇ ਸਾਨੂੰ ਇਹ ਦੁਖ ਤਾਂ ਹੁੰਦੈ ਕਿ ਸੇਠ ਦਿਆਲ ਸਿੰਘ ਕੋਲ ਕਰੋੜ ਰੁਪਇਆ ਹੈ, ਤੇ ਮੇਰੇ ਕੋਲ ਲੱਖ ਕਿਉਂ ਹੈ। ਇਹ ਕਦੇ ਵੀ ਦੁੱਖ ਨਹੀਂ ਹੋਇਆ ਕਿ ਵਰਿਆਮ ਸਿੰਘ ਦਰਜੀ ਖਵਰੇ ਰੋਟੀ ਵੀ ਪਕਾ ਕੇ ਖਾਂਦਾ ਹੈ ਕਿ ਨਹੀਂ, ਇਹਦਾ ਕੀ ਹਾਲ ਹੈ। ਹੇਠਲੇ ਪਾਸੇ ਵਾਲਿਆਂ ਵੱਲ ਝਾਕੋ, ਗਰੀਬਾਂ ਵੱਲ ਧਿਆਨ ਕਰੋ। ਗਰੀਬਾਂ ਅੱਗੇ ਵੀ ਇਹ ਅਰਜ ਹੈ ਕਿ ਉਹ ਵੱਡਿਆਂ ਨੂੰ ਦੇਖਕੇ, ਆਪਣੀਆਂ ਉਤਾਂਹ ਨੂੰ ਲੱਤਾਂ ਕਰਕੇ, ਇਹੋ ਜਿਹੇ ਖਰਚ ਕਰ ਕਰਕੇ ਆਪਣੀ ਨਾਂ ਜੜ੍ਹ ਕੱਢ ਲਿਆ ਕਰੋ। ਜੇ ਤੁਸੀਂ ਦਸ ਰੁਪਈਏ ਕਮਾਉਂਦੇ ਹੋ ਤਾਂ ਗਿਆਰਾਂ ਰੋਜ਼ ਦੇ ਖਰਚ ਦੇਣ, ਉਹਨਾਂ ਨੂੰ ਇਹ ਚਾਹੀਦੈ ਕਿ ਉਹ ਆਪਣੇ ਪੈਰ ਸਿਰ ਰਹਿਣ ਸਤਿਗੁਰੂ ਅੱਗੇ ਅਰਜ਼ ਕਰਨ ਕਿ ਪਾਤਸ਼ਾਹ ਸਾਡੇ ਉੱਤੇ ਬਖਸ਼ਿਸ਼ ਕਰਨ। ਅੰਨਪਾਣੀ ਛਕਣ, ਫਜ਼ੂਲ ਖਰਚੀ ਤੋਂ ਬਚਣ।"* [3]

ਸਾਮਰਾਜ ਦੀ ਸ਼ਹਿ ਤੇ ਅਜਾਰੇਦਾਰ ਘਰਾਣੇ ਫਲ ਫੁਲ ਰਹੇ ਸਨ ਅਤੇ ਨਵੇਂ ਸੁਤੰਤਰ ਹੋਏ ਤੀਜੀ ਦੁਨੀਆਂ ਦੇ ਦੇਸ਼ਾਂ ਵੱਲ ਉਹ ਫਿਰ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਸਨ। ਕੌਮੀ ਸਰਮਾਇਆ ਵੀ ਅਜਾਰੇਦਾਰੀਆਂ ਵਿਚ ਵਟਦਾ ਜਾ ਰਿਹਾ ਸੀ। ਇਸ ਸਾਰੇ ਪਰਿਵਰਤਨ ਨੂੰ ਸਤਿਗੁਰੂ ਜੀ ਬੜੀ ਪੈਨੀ ਦ੍ਰਿਸ਼ਟੀ ਨਾਲ ਵੇਖ ਰਹੇ ਸਨ ਅਤੇ ਸਰਮਾਏ ਦੀ ਮਨੁੱਖ ਮਾਰੂ ਫਿਤਰਤ ਤੋਂ ਸੁਚੇਤ ਕਰਦਿਆਂ ਉਹ ਫਿਰ ਗੁਰੂ ਨਾਨਕ ਦੇਵ ਦੇ ਕਾਜ਼ੀ ਰੁਕਨਦੀਨ ਨਾਲ ਹੋਈ, ਕਰਨੀ ਨਾਮੇ ਵਾਲੀ ਗੋਸ਼ਟ ਦੇ ਹਵਾਲੇ ਨਾਲ, ਧਰਤੀ ਤੇ ਸਮਤਾਵਾਦੀ ਪ੍ਰਬੰਧ ਕਾਇਮ ਕਰਨ ਦੀ ਲੋਚਾ ਪ੍ਰਗਟ ਕਰਦੇ ਹਨ। ਉਹ ਦੁਨੀਆਂ ਦੀਆਂ ਪੈਸਾ ਪੂਜ ਕਦਰਾਂ ਦੇ ਮੁਕਾਬਲੇ ਸਤਿਗੁਰੂ ਅਤੇ ਉਸਦੇ ਸਿੱਖਾਂ ਸਾਧਾਂ ਦੇ ਪਿਆਰ ਨੂੰ ਪਹਿਲ ਦਿੰਦੇ ਹਨ :-

*"ਸੋ ਸੱਜਣੋ ਸਤਿਗੁਰੂ ਦੇ ਆਸ਼ਕ ਬਣੋ। ਇਹ ਦੁਨੀਆਂ ਦਾ ਪਤਾ ਨਹੀਂ, ਇਹ ਕਿਧਰ ਨੂੰ ਜਾਂਦੀ ਹੈ, ਕੀ ਹੋਵੇਗਾ। ਕਿਉਂਕਿ ਐਸ ਵੇਲੇ ਅੱਗ ਬਲ ਰਹੀ ਹੈ, ਔਰ ਅੱਗ ਕਾਹਦੀ ਬਲ ਰਹੀ ਹੈ-ਹਵਸ ਦੀ ਈਰਖਾ ਦੀ। ਮੇਰੇ ਕੋਲ ਆਹ ਕੁਛ ਵੀ ਹੋਵੇ-ਆਹ ਵੀ ਹੋਵੇ-ਤੇ ਆਹ ਵੀ ਹੋਵੇ। ਤੁਸੀਂ ਤਾਂ ਬੜੇ ਛੋਟੇ ਛੋਟੇ ਆਦਮੀ ਹੋ।....ਉਹ ਏਡੇ ਵੱਡੇ-ਵੱਡੇ ਜਿਹੜੇ ਅਜ਼ਦਹਾ, ਵੱਡੇ ਸੱਪ ਬੈਠੇ ਹਨ, ਜਿਹੜੇ ਸਾਰੀ ਸ੍ਰਿਸ਼ਟੀ ਨੂੰ ਕਹਿੰਦੇ ਹਲ-ਕਿ*



Sri Satguru Jagjit Singh Ji eLibrary NamdhariElibrary@gmail.com

*ਮੈਂ ਮੂੰਹ 'ਚ ਪਾ ਲਵਾਂ। ਗੁਰੂ ਨਾਨਕ ਦੇਵ ਦਾ ਹੁਕਮ ਹੈ, ਉਹ ਇਕ ਦਿਨ ਆਉਣਾ ਹੈ, ਜਿਦਣ ਉਹਨਾਂ ਨੇ ਮਦੀਨੇ 'ਚ ਰੁਕਨਦੀਨ ਨੂੰ ਆਖਿਆ ਸੀ ਕਿ-*

*ਮਾਇਆ ਇਕੱਠੀ ਕਰਕੇ ਲੰਗਰ ਦੇਉ ਲਾਏ*
*ਨੰਗਾ ਭੁਖਾ ਆਰਥੀਆ, ਖਾਲੀ ਕੋਈ ਨਾ ਜਾਏ।*
*ਗਊਆਂ ਦੁੱਧ ਬਹੁ ਦੇਂਗੀ, ਪਰਬਤ ਦੇਂਗੇ ਲਾਲ।*
*ਮੇਵੇ ਸਭ ਤਰ ਦੇਂਗੇ, ਵੇਖਹਿ ਆਪ ਅਕਾਲ*

*-ਕਰਨੀ ਨਾਮਾ*

*ਕਿਸੇ ਦੀ ਅਪਣੱਤ ਹੀ ਨਾ ਕੋਈ ਚੀਜ ਦੀ ਰਹਿ ਜਾਊ।"* [4]

ਭੂਮੀ ਹੱਦਬੰਦੀ ਕਾਨੂੰਨ ਦੇਸ਼ ਵਿਚ ਤਿੱਖੀ ਭੂਮੀ ਘੋਲਾਂ ਤੋਂ ਬਾਦ ਸਰਕਾਰਾਂ ਨੂੰ ਪਾਸ ਕਰਨੇ ਪਏ। ਰਾਜੇ ਪਹਿਲਾਂ ਗਏ ਫਿਰ ਸਰਦਾਰੀਆਂ ਖਤਮ ਹੋਣ ਲੱਗੀਆਂ। ਪਹਿਲਾਂ ਕੂਕਿਆਂ ਦੇ ਅਗੰਮੀ ਬੋਲਿਆਂ ਨੂੰ ਕੂਕਿਆਂ ਦਾ ਕਮਲ ਆਖਿਆ ਜਾਂਦਾ ਸੀ। ਆਪਣੇ ਉਪਦੇਸ਼ਾਂ ਵਿਚ ਸਤਿਗੁਰੂ ਜੀ ਇਸ ਸਾਰੇ ਵਰਤਾਰੇ ਨੂੰ ਆਪਣੇ ਕਲੇਵਰ ਵਿਚ ਲੈਂਦੇ ਹੋਏ, ਇਉਂ ਦਰਸਾ ਰਹੇ ਹਨ ਜਿਵੇਂ ਇਹ ਸਾਰਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਭਵਿੱਖ ਨੀਝ ਨੇ ਹੀ ਉਲੀਕ ਦਿੱਤਾ ਸੀ :-

*"ਹੁਕਮ ਐਸਾ ਹੈ ਕਿ ਪ੍ਰਿਥਵੀ ਨੇ ਵੀ ਬੜੀ ਸਿੰਙ ਮਿੱਟੀ ਚੁੱਕੀ ਹੈ। ਸਤਿਗੁਰਾਂ ਇਕ ਹੁਕਮਨਾਮੇ 'ਚ ਲਿਖਿਆ ਪ੍ਰਿਥਵੀ ਤੇ ਵੀ ਬੜੀ ਆਫਤ ਉਠੀ ਹੈ, ਰਾਜਿਆਂ ਪਰਜਿਆਂ ਛੋਟਿਆਂ ਵੱਡਿਆਂ ਉੱਤੇ। ਹੋਊ ਆਟਾ ਸਣੇ ਰਾਜਿਆਂ ਪਰਜਿਆ ਨਹੀਂ ਦਲੀਆ ਹੋਊ। ਕੌਣ ਮੰਨਦਾ ਸੀ ਜਦੋਂ ਕੂਕੇ ਪੜ੍ਹਦੇ ਸਨ—*

*ਪਰਗਟ ਹੋਇ ਰਾਮ ਸਿੰਘ ਦੂਲੋ।*
*ਪੁਟੇ ਹੈ ਸਭ ਰਾਜਨ ਕੋ ਮੂਲੋ।*

*ਮਖੌਲ ਲੋਕ ਕਰਦੇ ਸੀ। ਅੱਜ ਕਉਣ ਰਾਜਾ ਹੈ ਧਰਤੀ ਉਤੇ। ਕੋਈ ਕਹਿ ਸਕਦੈ ਬਈ ਫਲਾਣਾ ਰਾਜਾ ਹੈ। ਰਾਜਿਆਂ ਦਾ ਮੂਲ ਪੁਟਿਆ ਗਿਆ। ਅੱਗੇ ਹੈ—*

*ਮੁਏ ਸਬੀ ਸਰਦਾਰੀ ਦਾਰ॥*
*ਜੋ ਜੋ ਹਮਸੋ ਬਾਧੇ ਰਾਰ॥*

*-ਸੌ ਸਾਖੀ*

*ਹੁਣ ਸਰਦਾਰੀ ਵੀ ਉਡਣ ਲੱਗੀ ਹੋਈ ਹੈ। ਤੀਹ ਘੁਮਾ (੩੦ ਏਕੜ) ਤੋਂ ਵੱਧ ਕੋਈ ਜ਼ਮੀਨ ਨਹੀਂ ਰੱਖੇਗਾ। ਕਿਉਂ ਗੁਰੂ ਗੋਬਿੰਦ ਸਿੰਘ ਨੇ ਇਕ ਤੁਕ ਲਿਖੀ ਹੈ, ਉਹ ਵੀ ਸੌ ਸਾਖੀ 'ਚ ਗਲਤ ਕਰੀ ਹੋਈ ਹੈ-ਸਾਰੇ ਪੜ੍ਹਦੀ ਸੀ*

*ਰਾਮ ਸਿੰਘ ਉਠੈ ਲੀਚਨ ਡਰੈ*
*ਇਉਂ ਨਹੀਂ ਹੈ ਪਾਠ, ਪਾਠ ਹੈ*
*ਰਾਮ ਸਿੰਘ ਉਚ ਨੀਚਨ ਡਰੈ*
*ਰਾਮ ਸਿੰਘ ਤਾਂ ਉਚ ਨੀਚਤਾ ਉਡਾ ਦਏਗਾ।*
*ਅਵਨੀ ਏਕ ਰਸੌਦੀ ਕਰੈ*

*ਸੌ ਸਾਖੀ*

*ਇਕੋ ਜਹੀ ਪੱਧਰ।"* [5]

ਇਕ ਉਪਦੇਸ਼ ਵਿਚ ਆਪ ਦਾ ਦੇਸ਼ ਪ੍ਰੇਮ ਠਾਠਾਂ ਮਾਰਦਾ ਹੈ। ਫੁਰਮਾਉਂਦੇ ਹਨ ਕਿ *"ਬੰਬਈ ਦਾ ਇੰਡੀਆ ਗੇਟ ਵੇਖ ਕੇ ਮੇਰੇ ਮਨ ਵਿਚ ਆਉਣੀ ਕਿ ਕਦੇ ਅਸੀਂ ਵੀ ਇਹੋ ਜਿਹਾ ਵਲੈਤ ਵਿਚ ਜਾ ਕੇ ਬਣਾਵਾਂਗੇ"* ਤੇ ਫਿਰ ਜਦੋਂ ਇਸੇ ਇੰਡੀਆ ਗੇਟ ਵਿਚੋਂ ਕਿਸੇ ਪਰਸੰਗ ਵੱਸ ਅੰਗਰੇਜ਼ਾਂ ਨੂੰ ਪਿਛਲਖੁਰੀ ਤੁਰ ਕੇ ਜਾਣਾ ਪਿਆ ਕਿ ਹਿੰਦੁਸਤਾਨ ਦੀ ਧਰਤੀ ਵੱਲ ਪਿਠ ਕਰਕੇ ਨਾ ਜਾਓ ਤਾਂ ਮੌਜ ਵਿਚ ਆਖੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਯਾਦ ਕਰਦੇ ਹਨ ਕਿ *ਬਿਲਿਓ। ਤੁਸੀਂ ਸਾਨੂੰ ਸਿਆਲ਼ ਵਿਚ ਸਾਡੇ ਘਰੋਂ ਕੱਢ ਰਹੇ ਹੋ ਅਸੀਂ ਤੁਹਾਨੂੰ ਗਰਮੀਆਂ ਦੀ ਰੁੱਤੇ ਕੱਢਾਂਗੇ।* ਇਹਨਾਂ ਗੱਲਾਂ ਦੀ ਤਾਰਕਿਕ ਵਿਆਖਿਆ ਭਾਵੇਂ ਨਾ ਹੋਵੇ ਪਰ ਕੌਮਾਂ ਦੀਆਂ ਮਨੋਬਿਰਤੀਆਂ ਨੂੰ ਸਮਝਣ ਲਈ ਇਸ ਤਰ੍ਹਾਂ ਦਾ ਭਾਵਨਾਤਮਕ ਚਿਹਨ ਸਿਰਜ ਲੈਣਾ ਕੋਈ ਅਲੋਕਾਰੀ ਗੱਲ ਨਹੀਂ।

ਚਲੰਤ ਘਟਨਾਵਾਂ ਉੱਤੇ ਵੀ ਆਪ ਹਮੇਸ਼ਾਂ ਤਬਸਰਾ ਕਰ ਦਿਆ ਕਰਦੇ ਸਨ। ਦੇਸ਼ ਵੰਡ ਤੋਂ ਬਾਅਦ ਪੂਰਬੀ ਪੰਜਾਬ ਵਿਚ ਹਿੰਦੂ ਅਤੇ ਸਿੱਖਾਂ ਵਿਚਾਲੇ ਹਿੰਦੀ ਅਤੇ ਪੰਜਾਬੀ ਭਾਸ਼ਾ ਨੂੰ ਲੈ ਕੇ ਫਿਰਕੂ ਤਣਾਉ ਉਤਪੰਨ ਹੋ ਗਿਆ ਸੀ। ਇਹ ਤਣਾਉ ਬਾਅਦ ਵਿਚ ਮਹਾਂ ਪੰਜਾਬ ਬਨਾਮ ਪੰਜਾਬੀ ਸੂਬਾ ਅੰਦੋਲਨ ਦਾ ਰੂਪ ਧਾਰਨ ਕਰ ਗਿਆ ਅਤੇ ਕਾਲਾਂਤਰ ਨਾਲ ਇਹੋ ਤਣਾਉ ਪੰਜਾਬ ਸਮੱਸਿਆ ਦਾ ਵਿਕਰਾਲ ਰੂਪ ਧਾਰਨ ਕਰਕੇ ਕਦੇ ਸਾਕਾ ਨੀਲਾ ਤਾਰਾ ਤੇ ਕਦੇ ਸਿੱਖ ਵਿਰੋਧੀ ਹਿੰਸਾ ਦਾ ਰੂਪ ਧਾਰਨ ਕਰਦਾ ਰਿਹਾ। ਸਤਿਗੁਰੂ ਜੀ ਇਸ ਤਣਾਉ ਨੂੰ ਬੜਾ ਮੰਦ ਭਾਗਾ ਸਮਝਦੇ ਸਨ। ਉਹ ਇਹਨਾਂ ਮਸਲਿਆਂ ਨੂੰ ਸਾਮਰਾਜ ਦੀ ਸ਼ਹਿ ਤੇ ਚਲਣ ਵਾਲੀ ਫਿਰਕੂ ਸਿਆਸਤ ਦੀ ਪੈਦਾਵਾਰ ਸਮਝਦੇ ਹਨ :-

*"ਹੁਣ ਅੰਗਰੇਜ਼ ਜਾਂਦਾ ਜਾਂਦਾ ਸਿੱਖਾਂ ਤੇ ਹਿੰਦੂਆਂ ਨੂੰ ਆਪਸ 'ਚ ਪਾੜ ਕੇ ਤੁਰ ਗਿਆ ਹੈ, ਹਿੰਦੁਸਤਾਨ ਪੰਜਾਬ 'ਚੋਂ ਉਥੇ ਹੁਣ ਬੋਲੀਆਂ ਦੇ ਰੌਲੇ ਉੱਤੇ ਹੀ ਉਰਦੂ ਲਿਖੀ ਜਾਂਦੇ ਹਨ, ਤਾਂ ਗੁਰਮੁਖੀ ਚੁਭਦੀ ਹੈ। ਸਿੱਖ ਵੀ ਉਰਦੂ ਲਿਖੀ ਜਾਂਦੇ ਹਨ। ਉਹਨਾਂ ਨੂੰ ਦੇਵਨਾਗਰੀ ਚੁਭਦੀ ਹੈ। ਐਨੀ ਗੱਲ ਨਹੀਂ ਝੱਲ ਸਕਦੇ। ਮੈਂ ਸਾਰਿਆਂ ਅੱਗੇ ਅਰਜ਼ ਕਰਾਂਗਾਂ ਕਿ ਜੋ ਤੁਸੀਂ ਪਰਦੇਸ 'ਚ ਬੈਠੇ ਹੋ, ਹਿੰਦੂ, ਸਿੱਖ, ਅਕਾਲੀ, ਕੂਕੇ ਜਦੋਂ ਬੈਠਿਆ ਕਰੋ ਰਲ ਕੇ ਬਹਿ ਜਾਇਆ ਕਰੋ।"*



Sri Satguru Jagjit Singh Ji eLibrary NamdhariElibrary@gmail.com

*ਐਨੀਆਂ ਗੱਲਾਂ ਤੋਂ ਨਾ ਭੱਜਿਆ ਕਰੋ, ਜੇ ਨਾਂ ਸੁਣ ਲਿਆ, ਜੇ ਵਿਦਿਆ ਪੜ੍ਹ ਲਈ, ਤਾਂ ਸਾਡਾ ਕੁਛ ਨਹੀਂ ਰਹਿਣਾ। ਤਾਂ ਤੁਹਾਨੂੰ ਏਥੇ ਮਜਬੂਰਨ ਸਿਆਮੀ ਪੜ੍ਹਨੀ ਪੈਂਦੀ ਹੈ। ਅੰਗਰੇਜ਼ੀ ਤੁਸੀਂ ਪੜ੍ਹਦੇ ਹੋ ਜਿਸ ਨੂੰ ਤੁਸੀਂ ਮਲੇਛ ਭਾਸ਼ਾ ਕਹਿੰਦੇ ਹੋ। ਉਸ ਅੰਗਰੇਜ਼ੀ ਨੂੰ, ਜਿਨ੍ਹੇ ਸਾਰਿਆਂ ਦਾ ਨਾਸ ਕੀਤੈ। ਸਾਡੇ ਮੁਲਕ ਦਾ ਕੁਛ ਨਹੀਂ ਛੱਡਿਆ। ਏਥੇ ਦੇਵਨਾਗਰੀ ਤੇ ਗੁਰਮੁਖੀ ਤੇ, ਮਿਹਰਬਾਨੀ ਕਰਕੇ ਰੌਲਾ ਨਾ ਪਾਉਣਾ। ਇਹ ਮੇਰੀ ਅਰਜ਼ ਸੁਣ ਲਓ।'*[6]

ਰਤਾ ਕਿਆਸ ਕਰੀਏ ਜੇ ਇਹ "ਅਰਜ਼" ਓਦੋਂ ਵਾਲੇ ਪੰਜਾਬ ਵਿੱਚ ਵੀ ਸੁਣੀ ਜਾਂਦੀ ਤਾਂ ਪੰਜਾਬ ਦਾ ਨਕਸ਼ਾ ਹੋਰ ਨਾ ਹੁੰਦਾ। ਪਰ ਸ਼ਾਇਰ ਦੇ ਕਥਨ ਜਿਉਂ ਕੁਝ ਪਲਾਂ ਦੀ ਗ਼ਲਤੀ ਦੀ ਸਜ਼ਾ ਤਾਂ ਸਦੀਆਂ ਨੂੰ ਭੁਗਤਣੀ ਪੈਂਦੀ। ਸਤਿਗੁਰੂ ਪਰਤਾਪ ਸਿੰਘ ਜੋ ਸਾਂਝੀ ਪੰਜਾਬੀਅਤ ਦੇ ਜਜ਼ਬੇ ਨਾਲ ਕਿਸ ਕਦਰ ਸਰਸ਼ਾਰ ਸਨ, ਇਸ ਦਾ ਪਤਾ ਇਸ ਵੱਡ ਮੁੱਲੇ ਪਰਕਾਸ਼ਨ ਦੇ ਪਾਠ ਤੋਂ ਸਹਿਜੇ ਹੀ ਲੱਗ ਜਾਂਦਾ ਹੈ। ਇਸ ਤਰ੍ਹਾਂ ਦੇ ਯਤਨ ਕਰਨ ਵਾਲਿਆਂ ਦੀ ਸੇਵਾ ਸਾਰਥਕ ਹੋ ਗਈ ਹੈ।

ਇਸ ਭਾਗ ਵਿੱਚ ਬੜੇ ਸਾਰ ਗਰਭਿਤ ਬਚਨ ਅੰਕਿਤ ਹਨ ਕਿ ਸਿੱਖੀ ਕੀ ਹੈ ? ਗੁਰੂ ਅਤੇ ਸਿਖ ਦਾ ਰਿਸ਼ਤਾ ਕੈਸਾ ਹੋਵੇ ? ਆਸ਼ਕਾਂ ਦੀ ਦਸ਼ਾ ਕਿਹੋ ਜਿਹੀ ਹੁੰਦੀ ਹੈ ? ਜਿਸ ਗ੍ਰੰਥ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਦੀ ਕਥਾ ਸਤਿਗੁਰੂ ਜੀ ਅਕਸਰ ਕਰਿਆ ਕਰਦੇ ਸਨ ਉਸਦੇ ਲੇਖਕ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ, ਜੋ ਆਪ ਦੇ ਵਿਦਿਆ ਗੁਰੂ ਵੀ ਸਨ। ਉਹਨਾਂ ਬਾਰੇ ਦੱਸਦੇ ਹਨ ਕਿ ਗੁਰੂ ਹਰੀ ਸਿੰਘ ਜੀ ਦੇ ਸਾਂਹਵੇਂ ਕਥਾ ਕਰਦਿਆਂ ਉਨ੍ਹਾਂ ਦੇ ਨੇਤਰਾਂ ਵਿਚੋਂ ਜਲ ਲਗਾਤਾਰ ਵਹਿੰਦਾ ਹੀ ਰਹਿੰਦਾ ਸੀ ਤੇ ਗੁਰੂ ਹਰੀ ਸਿੰਘ ਜੀ ਜਿਹਨਾਂ ਨੂੰ ਸ੍ਰੀ ਭੈਣੀ ਸਾਹਿਬ ਡੇਰੇ ਤੋਂ ਬਾਹਰ ਫਿਰੰਗੀ ਦੀ ਪੁਲੀਸ ਨਹੀਂ ਨਿਕਲਣ ਦਿੰਦੀ ਤੇ ਜੇ ਅੰਦਰ ਡੇਰੇ ਨੂੰ ਜਾਂਦੇ ਹਨ ਤਾਂ ਭਤੀਜੀ ਬੀਬੀ ਨੰਦਾਂ ਦੁਰਬਚਨਾਂ ਦੀ ਝੜੀ ਲਾ ਦਿੰਦੀ ਹੈ। ਉਹ ਪੁੱਛਦੇ ਹਨ ਕਿ ਅਸੀਂ ਜਾਈਏ ਤੇ ਕਿੱਥੇ ਜਾਈਏ। ਸੰਤ ਸਾਹਿਬ ਸਿੰਘ ਭੰਮਾਂ ਬੱਧੀ ਜੈਸੇ ਸੰਤਾਂ ਦੀ ਗਾਥਾ ਹੈ ਜੋ ਲੋਹਗੜ੍ਹ ਰਹਿੰਦੇ ਸਨ। ਜਿੱਥੇ ਇਕੀ ਦਿਨ ਸੰਤ ਅਤਰ ਸਿੰਘ ਜੀ ਮਸਤੂਆਣੇ ਦਾ ਦੀਵਾਨ ਸਜਿਆ, ਪਰ ਉਹਨਾਂ ਦਾ ਕਹਿਣਾ ਸੀ ਜਿਸ ਦੀਵਾਨ ਵਿੱਚ ਸਤਿਗੁਰੂ ਰਾਮ ਸਿੰਘ ਦਾ ਨਾਂ ਨਹੀਂ ਆਉਣਾ ਉੱਤੇ ਕੂਕਾ ਕਿਵੇਂ ਜਾ ਸਕੱਦਾ ਹੈ । ਨਾ ਗਏ ਇਕ ਦਿਨ ਲਈ ਵੀ। ਮਸਤੂਆਣੇ ਛੋਟੀ ਹਸਤੀ ਨਹੀਂ ਸਨ। ਜ਼ਿਕਰ ਹੈ ਧੁਲੇਤੇ ਦੇ ਦਿੱਤੂ ਮਿਰਾਸੀ ਦਾ ਜਿਹਨੂੰ ਸਤਿਗੁਰੂ ਰਾਮ ਸਿੰਘ ਨੇ ਰਾਗ ਬਖਸ਼ਿਆ ਫਿਰ ਰੰਗੂਨੋ ਹੁਕਮਨਾਮੇ ਵਿੱਚ ਸਭ ਰਾਗੀਆਂ ਨੂੰ ਅੰਮ੍ਰਿਤ ਛਕਣ ਬਾਰੇ ਕਿਹਾ ਤਾਂ ਉਹ ਗੁਰਦਿਤ ਸਿੰਘ ਹੋ ਗਿਆ ਤੇ ਮਰਦਾਨੇ ਤੋਂ ਬਾਅਦ ਦੂਸਰਾ ਮੁਸਲਮਾਨ ਮਿਰਾਸੀ ਜੋ ਗੁਰੂ ਦੇ ਭਾਣੇ ਵਿੱਚ ਰਹਿ ਕੇ ਆਪਣੀ ਇਛਾ ਨਾਲ ਅੰਤ ਸਮੇਂ ਸਿਖ ਮਰਿਆਦਾ ਅਨੁਸਾਰ ਸਸਕਾਰ ਕਰਵਾਉਂਦਾ ਹੈ। ਇਸ ਭਾਈ ਦਿੱਤੂ ਦਾ ਪੁਤਰ ਭਾਈ ਜੈ ਸਿੰਘ ਡੇਢ ਦੋ ਸਾਲ ਭੈਣੀ ਸਾਹਿਬ ਤੋਂ ਦੂਰ ਰਹੇ। ਪ੍ਰਸ਼ਾਦਾ ਭੈਣੀ ਸਾਹਿਬੋਂ ਮੰਗ ਕੇ ਛਕ ਲੈਂਦੇ ਪਰ ਕਹਿੰਦੇ ਕਿ ਗੁਰੂ ਰਾਮ ਸਿੰਘ ਦੀ ਸੰਗਤ ਬਿਨਾਂ ਹੋਰ ਕਿਸੇ ਅੱਗੇ ਸਾਜ਼ ਨਹੀਂ ਖੋਲ੍ਹਾਂਗਾ।

ਇਸੇ ਤਰ੍ਹਾਂ ਹੀ ਮਰਦਾਨੇ ਕਿਆਂ ਵਿਚੋਂ ਹੀ ਭਾਈ ਫੱਤੂ ਰਾਗੀ। ਭੈਣੀ ਸਾਹਿਬੋਂ ਆ ਕੇ ਗੁੱਲੂ ਸ਼ਾਹ ਦੇ ਮੇਲੇ ਤੇ ਸੋਢੇ ਦੀ ਦੁਕਾਨ ਕੱਢੀ। ਹੈਜ਼ਾ ਹੋ ਗਿਆ। ਘਰ ਦੇ ਕਹਿਣ ਸ਼ਰਾਬ ਪੀ ਲੈ ਤੂੰ ਹੁਣ ਕਿਹੜਾ ਕੂਕਿਆਂ ਦੀ ਸੰਗਤ ਵਿੱਚ ਹੈਂ। ਕਹਿੰਦਾ ਨਾਂ ਬਈ ਜਿਹੜਾ ਪ੍ਰਣ ਦਾਰੂ ਮਾਸ ਨਾ ਖਾਣ ਦਾ ਸੰਗਤ ਵਿੱਚ ਬਾਂਹ ਖੜੀ ਕਰਕੇ ਕਰ ਲਿਆ ਹੈ ਉਹ ਨਹੀਂ ਟੁੱਟਦਾ। ਸਰੀਰ ਛੱਡ ਦਿੱਤਾ। ਸੰਤ ਜਿਊਣ ਸਿੰਘ ਸਿਰਹਾਲੀ, ਬੁੱਢਾ ਸਿੰਘ ਵਾਂ, ਨੱਥਾ ਸਿੰਘ ਮਜ਼ਬੀ ਸਿੰਘ ਸਿਰਹਾਲੀ, ਉਤਮ ਸਿੰਘ ਰਾਏਸਰ, ਭਾਈ ਰਾਇ ਸਿੰਘ, ਬਾਬਾ ਦਰਬਾਰਾ ਸਿੰਘ ਰਾਏਪੁਰ, ਜੈਤਾ ਸਿੰਘ ਘਣੀਆਂ, ਆਦਿ ਗੁਰੂ ਪਿਆਰਿਆਂ ਦੀਆਂ ਸਿਦਕੀ ਸਾਖੀਆ ਨਾਲ ਇਹ ਪੁਸਤਕ ਮਾਲਾ ਮਾਲ ਹੈ। ਨਾਮਧਾਰੀ ਇਤਿਹਾਸ ਨਾਲ ਸਬੰਧਿਤ ਬੇਸ਼ਕੀਮਤੀ ਸਮੱਗਰੀ ਹੈ। ਨਾਮਧਾਰੀ ਕਵੀਆਂ ਬਾਰਾਂ ਮਾਂਹ ਦੇ ਉਨ੍ਹੀਵੀਂ ਸਦੀ ਦੇ ਦੋ ਲੇਖਕਾਂ ਭਾਈ ਚੰਦਾ ਸਿੰਘ ਭਾਈ ਨਿਹਾਲ ਸਿੰਘ, ਭਾਈ ਕਾਹਲਾ ਸਿੰਘ ਨੰਗਲ, ਗਿਆਨੀ ਗਿਆਨ ਸਿੰਘ ਆਦਿ ਦੇ ਭਰਪੂਰ ਹਵਾਲੇ ਹਨ। ਗੁਰਬਾਣੀ ਦੀ ਵਿਆਖਿਆ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਸੁਣਨ ਪੜ੍ਹਨ ਨਾਲ ਹੀ ਗੱਲ ਬਣਦੀ ਹੈ।

"ਲਾਲ ਏਹਿ ਰਤਨ" ਦੇ ਚੌਥੇ ਹਿਸੇ ਦੇ ਹਵਾਲੇ ਲਾਲ ਦਿਵੰਗਤ ਬੀਬੀ ਬਿਅੰਤ ਕੌਰ ਦੀ ਨਿਘੀ ਤੇ ਮਿੱਠੀ ਯਾਦ ਨੂੰ ਪ੍ਰਣਾਮ ! ਸਦ ਪ੍ਰਣਾਮ!

*ਕਰੀਵਾਲਾ (ਸਿਰਸਾ)-੧੨੫੦੭੫*

*੧੪.੫.੨੦੦੩*

**ਫੁੱਟ ਨੋਟ**

*੧. ਲਾਲ ਏਹਿ ਰਤਨ ਭਾਗ ਚੌਥਾ ਪੰਨਾ ੧੧੫*
*੨. ਓਹੀ ੧੧੬*
*੩. ਓਹੀ ੧੮੩*
*੪. ਓਹੀ ੧੮੮*
*੫. ਓਹੀ ੨੫੩, ੨੫੪*
*੬. ਓਹੀ ੧੭੨, ੧੭੩*



Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

Furshi Durries & Carpets

in Bright & Fast Colours

Manufactuers :

Namdhari Sales

10240/54, Library Road, Azad Market, Delhi-110006




Sri Satguru Jagjit Singh Ji eLibrary NamdhariElibrary@gmail.com

# ਉਦਾਸੀਆਂ ਦੀ ਸਿੱਖੀ

—ਸਵਰਨ ਸਿੰਘ ਸਨੇਹੀ

ਸਹਿਜਧਾਰੀਆਂ ਦੀ ਸਿੱਖੀ ਕਾਫੀ ਸਮਾਚਾਰ ਪੱਤਰਾਂ ਵਿਚ ਚਰਚਾ ਦਾ ਵਿਸ਼ਾ ਬਣੀ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਉਦਾਸੀ ਡੇਰੇ ਨੂੰ ਸਿੱਖ ਗੁਰਦੁਆਰਾ ਕਰਾਰ ਦਿਤੇ ਜਾਣ ਸਬੰਧੀ ਕੀਤੇ ਗਏ ਪੰਜੀ ਸਾਲ ਪੁਰਾਣੇ ਉਦਾਸੀ-ਅਕਾਲੀ ਝਗੜੇ ਦੇ, ਦੇਸ ਦੀ ਸਰਵੁੱਚ ਅਦਾਲਤ ਵਲੋਂ ੮ ਦਸੰਬਰ ੨੦੦੨ ਨੂੰ ਸੁਣਾਏ ਗਏ ਫੈਸਲੇ ਦੇ ਫਲਸਰੂਪ ਉਦਾਸੀਆਂ ਦੀ ਸਿੱਖੀ ਦਾ ਵੀ ਵਿਚਾਰ ਚਰਚਾ ਦਾ ਵਿਸ਼ਾ ਬਣਨ ਦੀ ਸੰਭਾਵਨਾ ਹੈ।

ਇਹ ਵਿਵਾਦ ਅਸਲ ਵਿਚ ਉਸ ਸਿਖ ਗੁਰਦੁਆਰਾ ਐਕਟ ੧੯੨੫ ਦੀ ਦੇਣ ਸਮਝਿਆ ਜਾ ਸਕਦਾ ਹੈ ਜਿਹੜਾ ਉਸ ਧਾਰਮਕ ਸੁਧਾਰ ਲਹਿਰ ਦਾ ਸਿੱਟਾ ਸੀ, ਜਿਸ ਨੂੰ ਸਿਖ ਤੇ ਪੰਜਾਬ ਦੇ ਇਤਿਹਾਸ ਵਿਚ 'ਗੁਰਦੁਆਰਾ ਸੁਧਾਰ ਲਹਿਰ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਤੇ ਜਿਸ ਨਾਂ ਨੂੰ ਬਹੁਤੇ ਸਿਖ ਇਸ ਕਰਕੇ ਠੀਕ ਨਹੀਂ ਸਮਝਦੇ ਕਿ ਗੁਰਦੁਆਰੇ 'ਗੁਰੂ ਘਰ' ਤੇ ਪੂਜਾ ਸਥਾਨ ਮੰਨੇ ਜਾਂਦੇ ਹਨ ਜਿਥੋਂ ਕਿਸੇ ਵੀ ਜਗਿਆਸੂ ਨੇ ਅਧਿਆਤਮ ਮਾਰਗ ਦਾ ਗਿਆਨ ਤੇ ਆਤਮਕ ਸ਼ਾਂਤੀ ਦੀ ਪ੍ਰਾਪਤੀ ਲਈ ਮਾਰਗ ਦਰਸ਼ਨ ਪ੍ਰਾਪਤ ਕਰਨ ਹੁੰਦਾ ਹੈ। ਸਦਾਚਾਰ ਦੀ ਸਿੱਖਿਆ ਗ੍ਰਹਿਣ ਕਰਕੇ ਦੁਨਿਆਵੀ ਐਸ਼ਾਂ ਤੇ ਔਗੁਣਾਂ, ਵਿਕਾਰਾਂ ਹੇਠ ਵਿਅਸਨਾਂ ਦਾ ਤਿਆਗ ਕਰਨਾ ਹੁੰਦਾ ਹੈ। ਇਸ ਲਈ ਇਸ ਤਰ੍ਹਾਂ ਦੇ ਪੂਜ ਸਥਾਨ ਵਿਚ ਕੋਈ ਊਣਤਾਈ ਨਹੀਂ ਹੁੰਦੀ ਕਿਉਂਕਿ ਇਨ੍ਹਾਂ ਦੀ ਸਥਾਪਨਾ ਨਾਲ 'ਅਭੁਲ ਗੁਰੂ' ਦਾ ਸਬੰਧ ਵੀ ਜੁੜਿਆ ਹੁੰਦਾ ਹੈ। ਆਪ ਹਨੇਰੇ ਵਿਚ ਭਟਕਦਾ ਹੋਣ ਕਰਕੇ ਕੋਈ ਜਗਿਆਸੂ ਇਨ੍ਹਾਂ ਵਿਚ ਨੁਕਸ ਕਢਣ ਦੇ ਸਮਰਥ ਨਹੀਂ ਹੁੰਦਾ। ਜੇ ਕੋਈ ਦੋਸ਼ ਹੋ ਸਕਦਾ ਹੈ ਤਾਂ ਉਹ ਸਥਾਨਾਂ ਦੇ ਪ੍ਰਬੰਧ ਵਿਚ ਹੋ ਸਕਦਾ ਹੈ ਜਿਹੜਾ ਦੂਰ ਕੀਤਾ ਜਾ ਸਕਦਾ ਹੈ ਤੇ ਕੀਤਾ ਜਾਣਾ ਜ਼ਰੂਰੀ ਵੀ ਹੁੰਦਾ ਹੈ ਇਸ 'ਗੁਰਦੁਆਰਾ ਸੁਧਾਰ ਲਹਿਰ' ਨੇ ਉਦਾਸੀਆਂ ਤੇ ਨਿਰਮਲਿਆਂ ਨੂੰ ਸਿਖੀ ਤੋਂ ਉਪਰਾਮ ਕੀਤਾ ਤੇ ਉਕਤ ਐਕਟ ਨੇ ਸਦੀਆਂ ਤੋਂ ਚਲੇ ਆਉਂਦੇ ਸਿਖੀ ਪਰਚਾਰਕਾਂ ਨੂੰ 'ਹਿੰਦੂ' ਬਣਨ ਲਈ ਮਜਬੂਰ ਕਰ ਦਿਤਾ।

ਉਦਾਸੀ ਤੇ ਨਿਰਮਲ ਸੰਪਰਦਾਵਾਂ ਅਸਲ ਵਿਚ ਸਿਖ ਪੰਥ ਦੀਆਂ ਹੀ ਉਹ ਸੰਪਰਦਾਵਾਂ ਹਨ ਜਿਨ੍ਹਾਂ ਨੇ ਇਤਿਹਾਸ ਦੇ ਬਿਖੜੇ ਸਮੇਂ ਵਿਚ ਵੀ ਅਪਹੁੰਚ ਥਾਵਾਂ ਤੇ ਪਹੁੰਚ ਕੇ ਗੁਰੂ ਨਾਨਕ ਦੀ ਸਿੱਖੀ ਦਾ ਝੰਡਾ ਝੁਲਾਇਆ ਸੀ। ਨਿਰਮਲ ਸੰਪਰਦਾਇ ਤਾਂ ਮੰਨੀ ਹੀ ਦਸਮੇਸ਼ ਜੀ ਵਲੋਂ ਸੰਸਥਾਪਤ ਜਾਂਦੀ ਹੈ ਜਦਕਿ ਉਦਾਸੀ ਸੰਪਰਦਾਇ ਦਾ ਮੁੱਢ, ਗੁਰੂ ਨਾਨਕ ਦੇਵ ਦੇ ਸਾਹਿਬਜ਼ਾਦੇ ਬਾਬਾ ਸ੍ਰੀਚੰਦ ਦੁਆਰਾ ਬੱਝਾ ਪ੍ਰਸਿੱਧ ਹੈ। ਇਕ ਸਿਖ ਵਿਦਵਾਨ ਦਾ ਕਹਿਣਾ ਹੈ ਕਿ "ਇਹ ਗੱਲ ਸਾਰੇ ਸਿਖ ਲਿਖਾਰੀ—ਭਾਵੇਂ ਉਦਾਸੀ ਹਨ ਯਾ ਗ੍ਰਿਹਸਥੀ—ਮੰਨਦੇ ਹਨ ਕਿ 'ਉਦਾਸੀ ਭੇਖ' ਸਤਿਗੁਰੂ ਨਾਨਕ ਦੀ ਆਪਣੀ ਕਾਢ ਹੈ।" ਇਸ ਲੇਖਕ ਦਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਨੇ "ਗੁਰਗੱਦੀ ਅੰਗਦ ਜੀ ਨੂੰ ਸੌਂਪ ਕੇ ਗੁਰਿਆਈ ਵਾਲਾ ਸਿਲਸਿਲਾ ਵਖ ਤੇ ਪ੍ਰਚਾਰ ਦਾ ਕੰਮ ਉਦਾਸੀ ਸੰਤਾਂ ਨੂੰ ਸੰਭਾਲ ਦਿਤਾ।...... ਐਪਰ ਜੋ ਸਿਖ ਫ਼ਕੀਰੀ ਜੀਵਨ ਬਿਤਾਉਂਦਾ ਤੇ ਜਤ, ਸਤ, ਸੰਤੋਖ ਆਦਿ ਨਿਭਾਉਂਦਾ ਹੋਇਆ ਨਿਰੰਕਾਰੀ ਧਰਮ ਦਾ ਪ੍ਰਚਾਰ ਕਰਨ ਦੀ ਯੋਗਤਾ ਵਿਖਾਉਂਦਾ ਸੀ ਉਸ ਨੂੰ 'ਉਦਾਸੀ ਭੇਖ' ਬਖਸ਼ ਦੇਂਦੇ ਅਰ ਪਰਚਾਰ ਹਿਤ ਕੋਈ ਦੇਸ ਯਾ ਇਲਾਕਾ ਨੀਯਤ ਕਰ ਦੇਂਦੇ ਸਨ।"

ਇਕ ਇਤਿਹਾਸਕਾਰ ਦਾ ਵਿਚਾਰ ਹੈ ਕਿ ਉਦਾਸੀਆਂ ਦੀ ਹਿੰਦੂਆਂ ਨਾਲ ਨੇੜਤਾ ਹੋਣ ਕਰਕੇ ਉਨ੍ਹਾਂ ਨੂੰ ੧੯੧੧ ਦੀ ਜਨਗਣਨਾ ਵਿਚ ਹਿੰਦੂ ਵਜੋਂ ਹੀ ਦਰਜ ਕਰ ਲਿਆ ਗਿਆ ਸੀ, ਪਰ ਸਰ ਡੈਨਜ਼ਿਲ ਉਦਾਸੀਆਂ ਨੂੰ ਸਿਖ ਮੰਨਦਾ ਹੋਇਆ ਸਗੋਂ ਇਹ ਕਹਿੰਦਾ ਹੈ ਕਿ ਉਨ੍ਹਾਂ ਨੂੰ ਅਸਿਖ ਕਹਿਣਾ ਸਗੋਂ ਗਲਤੀ ਹੈ।

ਉਦਾਸੀਆਂ ਦੀਆਂ ਵੀ ਤਿੰਨ ਸ਼੍ਰੇਣੀਆਂ ਹਨ। ਇਕ ਉਹ ਜੋ ਤੇੜ ਕੇਵਲ ਲੰਗੋਟ ਲਾਉਂਦੇ ਤੇ ਪਿੰਡੇ ਨੂੰ ਰਾਖ ਮਲਦੇ ਹਨ ਤੇ ਜਿਸ ਕਰਕੇ ਇਨ੍ਹਾਂ ਨੂੰ ਨਾਂਗੇ ਕਿਹਾ ਜਾਂਦਾ ਹੈ। ਦੂਜੇ ਉਹ ਜਿਹੜੇ ਮਜੀਠੀ ਚੋਲਾ, ਕਾਲੀ ਸੇਲੀ, ਹੱਥ ਵਿਚ ਤੂੰਬਾ ਤੇ ਸਿਰ ਤੇ ਉਚੀ ਟੋਪੀ ਪਹਿਨਦੇ ਹਨ ਤੇ ਤੀਜੇ ਜਿਹੜੇ ਬਾਹਰਮੁਖੀ ਤੌਰ ਤੇ ਸਿਖਾਂ ਵਾਂਗ ਜਟਾਜੂਟ ਨਜ਼ਰ ਆਉਂਦੇ ਹਨ। ਗੁਰੂ ਨਾਨਕ ਦੇਵ ਦੀ ਮਰਯਾਦਾ ਅਨੁਸਾਰ ਚਰਨ ਪਾਹੁਲ ਉਹ ਲੈਂਦੇ ਹੀ ਸਨ ਤੇ ਆਪਣੇ ਆਪ ਨੂੰ ਸਿਖ ਸਮਝਦੇ ਤੇ ਅਖਵਾਉਂਦੇ ਸਨ। ਗੈਰ ਸਿਖਾਂ ਨੂੰ ਗੁਰਮੰਤ੍ਰ ਦੇ ਕੇ ਉਹ ਸਿਖ ਸਜਾਉਂਦੇ ਸਨ। ਪੰਜ ਕਕਾਰੀ ਰਹਿਤ ਦੇ ਧਾਰਨੀ ਨਾ ਹੋਣ ਦੇ ਬਾਵਜੂਦ ਵੀ ਸਿਖੀ ਵਿਚ ਉਨ੍ਹਾਂ ਦੀ ਅਗਾਧ ਸ਼ਰਧਾ ਤੇ ਗੁਰਬਾਣੀ ਪਰਚਾਰ ਉਨ੍ਹਾਂ ਦਾ ਮੁੱਖ ਉਦੇਸ਼ ਹੁੰਦਾ ਸੀ। "ਮਹੰਤ ਬ੍ਰਹਮ ਬੂਟਾ (ਨਿਰਬਾਣ) ਸਿਖੀ ਰਹਿਣੀ ਦੇ ਧਾਰਨੀ ਸਨ। ਮਹੰਤ ਜੀ ਖੁਦ ਗੁਰਬਾਣੀ ਦੀ ਕਥਾ ਬੜੀ ਪ੍ਰੀਤ ਨਾਲ ਨਿਤਾ ਪ੍ਰਤਿ ਸੁਣਦੇ। ਦਰਬਾਰ ਬਾਬੇ (ਸ੍ਰੀ ਗੁਰੂ ਗ੍ਰੰਥ) ਸਾਹਿਬ ਵਿਚ ਪਰਮ ਸ਼ਰਧਾ। ਸ੍ਰੀ ਦਰਬਾਰ ਸਾਹਿਬ (ਹਰਿਮੰਦਰ) ਵਿਚ ਵਾਕ ਸੁਣਨ ਨਿਤ ਨੇਮ ਨਾਲ ਜਾਂਦੇ ਤੇ ਪਰਕਰਮਾ ਜ਼ਰੂਰ ਕਰਦੇ, ਭਾਵੇਂ ਮੀਂਹ ਵਾਯੂ ਦੇ ਝੱਖੜ ਭੀ ਝੁਲਦੇ ਹੋਣ।" ਕੇਸਾਂ ਦੀ



Sri Satguru Jagjit Singh Ji eLibrary NamdhariElibrary@gmail.com

ਸੰਭਾਲ ਦੀਆਂ ਉਦਾਸੀ ਸੰਤਾਂ ਨੇ ਅਜਿਹੀਆਂ ਉਦਾਹਰਣਾਂ ਕਾਇਮ ਕੀਤੀਆਂ ਜਿਹੜੀਆਂ ਅੱਜ ਕੈਂਚੀ-ਉਸਤਰੇ ਦੇ ਪ੍ਰਵਾਹ ਵਿਚ ਰੁੜ੍ਹੇ ਜਾ ਰਹੇ ਚੰਗੇ ਸਿੱਖ ਘਰਾਣਿਆਂ ਦੇ, 'ਸਿੰਘ' ਨਾਂ ਵਾਲੇ ਨੌਜੁਆਨਾਂ ਲਈ ਪ੍ਰੇਰਨਾ-ਸ੍ਰੋਤ ਦਾ ਕੰਮ ਦੇ ਸਕਦੀਆਂ ਹਨ। ਉਦਾਹਰਣ ਵਜੋਂ ਦੱਖਣ ਭਾਰਤ ਵਿਚ ਸਥਿਤ ਖਾਮਗਾਮ ਜ਼ਿਲ੍ਹਾ ਬੁਲਖਾਣਾ ਵਿਚ ਉਦਾਸੀ ਸਾਧੂ ਅਘੜਦਾਸ ਹੋਏ ਹਨ ਜਿਨ੍ਹਾਂ ਦੀ ਦਾੜ੍ਹੀ ਦਾ ਕੇਵਲ ਇਕੋ ਵਾਲ ਸੀ ਪਰ ਉਨ੍ਹਾਂ ਨੇ ਸਾਰੀ ਉਮਰ ਉਸਦੀ ਬੇਅਦਬੀ ਨਹੀਂ ਸੀ ਹੋਣ ਦਿਤੀ। ਚਿੱਟੀ ਜ਼ਿਲਾ ਜਲੰਧਰ ਵਾਲੇ ਸੰਤ ਹੀਰਾ ਦਾਸ ਜੀ ਭਾਵੇਂ ਉਦਾਸੀ ਭੇਖ ਵਿਚ ਹੀ ਵਿਚਰੇ ਤੇ ਪ੍ਰਸਿੱਧੀ ਵੀ ਉਦਾਸੀ ਸੰਤ ਵਜੋਂ ਹੀ ਪ੍ਰਾਪਤ ਕੀਤੀ ਪਰ ਉਹ ਪੰਜ ਪਿਆਰਿਆਂ ਨੂੰ ਹਮੇਸ਼ਾ ਆਪਣੇ ਨਾਲ ਰਖਦੇ ਹੁੰਦੇ ਸਨ। ਉਨ੍ਹਾਂ ਦੇ ਇਕ ਸਾਥੀ ਦੇ, ਇਨ੍ਹਾਂ ਸਤਰਾਂ ਦੇ ਲੇਖਕ ਨੇ ਬਿਰਧ ਅਵਸਥਾ ਵਿਚ ਦਰਸ਼ਨ ਕੀਤੇ ਹਨ ਜਿਹੜਾ ਉਦੋਂ ਵੀ ਪੰਜ ਕਰਾਰੀ ਸੀ।

ਉਦਾਸੀਆਂ ਨੇ ਸਿਖੀ ਦੇ ਨਾਲ ਨਾਲ ਵਿਦਿਆ ਦਾ ਪ੍ਰਚਾਰ ਵੀ ਕੀਤਾ। ਡਾਕਟਰ ਗੰਡਾ ਸਿੰਘ ਅਨੁਸਾਰ "ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਭਾਵੇਂ ਕਿਧਰੇ ਗ੍ਰਿਹਸਥੀ ਗ੍ਰੰਥੀ ਹੁੰਦੇ ਸਨ ਪਰ ਆਮ ਕਰਕੇ, ਅਤੇ ਪਿੰਡਾਂ ਵਿਚ ਖਾਸ ਕਰਕੇ, ਇਨ੍ਹਾਂ ਦਾ ਪ੍ਰਬੰਧ ਨਿਰਮਲੇ ਜਾਂ ਉਦਾਸੀ ਸਾਧੂਆਂ ਪਾਸ ਹੁੰਦਾ ਸੀ ਜੋ ਗੁਰਦੁਆਰਿਆਂ ਵਿਚ ਸਵੇਰੇ ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ, ਸ਼ਾਮ ਨੂੰ ਰਹਿਰਾਸ ਅਤੇ ਕੀਰਤਨ ਸੋਹਿਲੇ ਦਾ ਪਾਠ ਸੁਣਾਉਂਦੇ ਸਨ ਅਤੇ ਦਿਨੇ ਮੁੰਡੇ ਕੁੜੀਆਂ ਨੂੰ ਪੜ੍ਹਾਉਂਦੇ ਸਨ।" ਇਨ੍ਹਾਂ ਦੀ ਆਪਣੀ ਵਿਦਵਤਾ ਦੀ ਗੱਲ ਕਰਦੇ ਹੋਏ ਡਾਕਟਰ ਸਾਹਿਬ ਲਿਖਦੇ ਹਨ ਕਿ "ਸੰਸਕ੍ਰਿਤ ਅਤੇ ਫ਼ਾਰਸੀ ਦੇ ਗ੍ਰੰਥਾਂ ਨੂੰ ਪੰਜਾਬੀ ਵਿਚ ਉਲਥਾਉਣ ਦੀ ਬਹੁਤ ਸਾਰੀ ਸੇਵਾ ਨਿਰਮਲੇ, ਉਦਾਸੀ ਅਤੇ ਸੇਵਾਪੰਥੀ ਸਾਧੂ ਮਹਾਤਮਾਵਾਂ ਨੇ ਕੀਤੀ ਸੀ ਜੋ ਸੰਸਕ੍ਰਿਤ ਦੇ ਬੜੇ ਹੀ ਵਿਦਵਾਨ ਹੁੰਦੇ ਸਨ।"

ਸਿਖ ਧਰਮ ਸਥਾਨਾਂ ਦੀ ਸੇਵਾ ਸੰਭਾਲ ਦਾ ਜ਼ਿੰਮਾ ਬੜੇ ਪੁਰਾਣੇ ਸਮੇਂ ਤੋਂ ਇਨ੍ਹਾਂ ਨਿਰਮਲੇ ਤੇ ਉਦਾਸੀ ਸੰਤਾਂ ਮਹੰਤਾਂ ਦੇ ਮੋਢਿਆਂ ਤੇ ਰਿਹਾ। ਇਨ੍ਹਾਂ ਸਥਾਨਾਂ ਤੇ ਇਹ ਜਬਰੀ ਕਾਬਜ਼ ਨਹੀਂ ਸਨ ਸਗੋਂ ਕਿਤੇ ਕਿਤੇ ਗੁਰੂ ਸਾਹਿਬ ਦੇ ਆਪਣੇ ਹੁਕਮ ਨਾਲ ਕਿਸੇ ਵਿਸ਼ੇਸ਼ ਸਥਾਨ ਤੇ ਇਨ੍ਹਾਂ ਨੂੰ ਤਾਇਨਾਤ ਕੀਤੇ ਜਾਣ ਦੀਆਂ ਉਦਾਹਰਣਾਂ ਵੀ ਸਿਖ ਇਤਿਹਾਸ ਵਿਚ ਮਿਲਦੀਆਂ ਹਨ। ਉਦਾਹਰਣ ਵਜੋਂ ਗੁਰੂ ਨਾਨਕ ਦੇਵ ਨਾਲ ਸਬੰਧਤ, ਨਾਨਕ ਮਤੇ ਦੇ ਧਰਮ ਸਥਾਨ ਦੀ ਜੋਗੀਆਂ ਵਲੋਂ ਕੀਤੀ ਗਈ ਬੇਪਤੀ ਦੀ ਖਬਰ ਸੁਣ ਕੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਉਥੋਂ ਦੀ ਸੰਭਾਲ ਲਈ ਭਾਈ ਅਲਮਸਤ ਜੀ ਨੂੰ ਭੇਜਿਆ ਜਾਣਾ, ਭੰਗਾਣੀ ਦੇ ਜੁੱਧ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਮਾਮੇ ਕਿਰਪਾਲ ਦਾਸ ਜੀ ਹੇਹਰ (ਜ਼ਿਲ੍ਹਾ ਲੁਧਿਆਣਾ) ਦੀ ਧਰਮਸ਼ਾਲਾ ਦੀ ਸੇਵਾ ਲਈ ਭੇਜਿਆ ਜਾਣਾ ਆਦਿ। ਫਿਰ ੧੭੧੭ ਈ: ਵਿਚ ਦਿੱਲੀ ਲਈ ਰਵਾਨਾ ਹੋਣ ਸਮੇਂ ਭਾਈ ਮਨੀ ਸਿੰਘ ਨੇ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਇਕ ਉਦਾਸੀ ਸਾਧੂ ਗੋਪਾਲਦਾਸ ਨੂੰ ਸੌਂਪਿਆ ਜੋ ਗੋਦੜ ਫ਼ਕੀਰ ਵਜੋਂ ਪ੍ਰਸਿੱਧ ਹੋਏ। ਉਡਵਾਇਰ ਅਨੁਸਾਰ ਨਨਕਾਣਾ ਸਾਹਿਬ ਦੇ ਗੁਰਦੁਆਰੇ ਦੇ ਨਾਂ ਚਾਰ ਪੰਜ ਲੱਖ ਰੁਪਏ ਵਾਰਸ਼ਿਕ ਦੀ ਜਾਗੀਰ ਲਗਵਾਉਣ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਵੀ ਉਥੇ ਉਦਾਸੀ ਸਾਧੂ ਨੂੰ ਹੀ ਸੇਵਾਦਾਰ ਥਾਪਿਆ ਸੀ।

ਸਿੱਖ ਧਰਮ ਵਿਚ ਪੂਜਾ ਦੇ ਧਾਨ ਦੀ ਨਿਜੀ ਮਨੋਰਥ ਲਈ ਵਰਤੋਂ ਵਿਵਰਜਿਤ ਸੀ, ਪਰ ਗਿਣਤੀ ਦੇ ਮਹੰਤਾਂ ਪੁਜਾਰੀਆਂ ਨੇ ਇਸ ਨੂੰ ਨਿਜੀ ਆਮਦਨ ਸਮਝ ਕੇ ਇਸ ਦੀ ਦੁਰਵਰਤੋਂ ਕਰਨੀ ਆਰੰਭ ਦਿਤੀ ਜਿਸ ਦੇ ਫਲਸਰੂਪ ਇਹ ਉਨ੍ਹਾਂ ਦੀ ਐਸ਼ਪ੍ਰਸਤੀ ਦਾ ਸਾਧਨ ਬਣ ਗਿਆ ਤੇ ਉਹ ਧਰਮਸਥਾਨ ਕੁਰੀਤੀਆਂ ਤੇ ਵਿਅਸਨਾਂ ਦੇ ਅੱਡੇ। ਪੰਜਾਬ ਤੇ ਸਿੱਖ ਇਤਿਹਾਸ ਵਿਚ, ਵੀਹਵੀਂ ਸਦੀ ਦੇ ਆਰੰਭ ਵਿਚ ਉਕਤ ਸੁਧਾਰ ਲਹਿਰ ਚੱਲੀ ਜਿਸ ਦਾ ਪ੍ਰਗਟ ਮੁਖ ਮਨੋਰਥ ਸੀ ਇਨ੍ਹਾਂ ਧਰਮਸਥਾਨਾਂ ਦੀ ਪਵਿੱਤਰਤਾ ਦੀ ਪੁਨਰਸਥਾਪਨਾ ਤੇ ਭ੍ਰਿਸ਼ਟ ਪੁਜਾਰੀਆਂ ਦਾ ਸੁਧਾਰ, ਪਰ ਇਸ ਅੰਦੋਲਨ ਵਿਚ ਪ੍ਰਵਿਰਤ ਆਗੂਆਂ ਦੀਆਂ ਲਿਖਤਾਂ, ਇਤਿਹਾਸਕ ਤੱਥ ਤੇ ਸਮਕਾਲੀ ਸ੍ਰੋਤ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਕੁਰੀਤੀ ਸੁਧਾਰ ਦੇ ਨਾਂ ਤੇ ਇਹ ਅਸਲ ਵਿਚ ਗੁਰਦੁਆਰਿਆਂ ਤੇ ਕਬਜ਼ੇ ਦੀ ਲਹਿਰ ਸੀ ਜਿਸ ਵਿਚ ਸੁਧਾਰ ਉਪਰ ਸਗੋਂ ਗੁਰਦੁਆਰਿਆਂ ਦੀਆਂ ਗੋਲਕਾਂ ਹਥਿਆਉਣ ਦੀ ਲਾਲਸਾ ਵਧੇਰੇ ਭਾਰੂ ਸੀ ਕਿਉਂਕਿ ਇਨ੍ਹਾਂ ਪੂਜਾ ਸਥਾਨਾਂ ਦੀ ਆਮਦਨ ਬਹੁਤ ਵਧੇਰੇ ਸੀ। ਇਸ ਲਈ 'ਸੁਧਾਰ' ਦੇ ਟੀਚੇ ਅਧੀਨ ਪਹਿਲਾਂ ਅਕਸਰ ਉਨ੍ਹਾਂ ਗੁਰਸਥਾਨਾਂ ਦਾ ਗੁਣਾਂ ਹੀ ਪਿਆ ਜਿਨ੍ਹਾਂ ਦੀ ਆਮਦਨ ਹਜ਼ਾਰਾਂ-ਲੱਖਾਂ ਵਿਚ ਸੀ। ਇਕ ਇਤਿਹਾਸਕਾਰ ਲਿਖਦਾ ਹੈ ਕਿ "ਕੁਛ ਸਰਕਾਰੀ ਅਧਿਕਾਰੀਆਂ ਦਾ ਦਾਅਵਾ ਸੀ ਕਿ ਸੁਧਾਰਕ ਸਿੰਘਾਂ ਨੇ ਉਨ੍ਹਾਂ ਧਰਮਸਥਾਨਾਂ ਵਿਰੁਧ ਹੀ ਮੁਹਿੰਮਾਂ ਵਿੱਢੀਆਂ ਸਨ ਜਿਨ੍ਹਾਂ ਦੀਆਂ ਆਮਦਨਾਂ ਵੱਡੀਆਂ ਸਨ।" ਜਿਵੇਂ ਹੇਰ ਗੁਰਦੁਆਰੇ ਦੇ ਨਾਂ ੪੦੦ ਵਿਘਾ ਜ਼ਮੀਨ ਤੇ ੧੦੦੦ ਰੁਪਏ ਵਾਰਸ਼ਕ ਦੀ ਆਮਦਨ ਸੀ। ਭਾਈ ਫੇਰੂ ਦੇ ਗੁਰਦੁਆਰੇ ਦੇ ਨਾਂ ੫੦੦੦ ਏਕੜ ਜ਼ਮੀਨ ਤੇ ੫੦੦੦ ਰੁਪਏ ਦੀ ਜਾਗੀਰ ਸੀ। ਨਨਕਾਣਾ ਸਾਹਿਬ ਦੀ ਜਗੀਰ ਦੀ ਗੱਲ ਕੀਤੀ ਹੀ ਜਾ ਚੁੱਕੀ ਹੈ। ਇਸ ਦੀ ਚੜ੍ਹਾਵੇ ਦੀ ਆਮਦਨ ਕਿਆਸੋਂ ਬਾਹਰੀ ਸੀ। ਇਕ ਅਕਾਲੀ ਇਤਿਹਾਸਕਾਰ ਅਨੁਸਾਰ ਕਈ ਗੁਰਦੁਆਰਿਆਂ ਜਾਂ ਮਹੰਤਾਂ ਦੀ ਆਮਦਨ ੨੦੦ ਰੁਪਏ ਰੋਜ਼ਾਨਾ ਦੀ ਵੀ ਸੀ। ਗੁਰਦੁਆਰਿਆਂ ਸੰਬੰਧੀ ਇਸ ਪ੍ਰਕਾਰ ਦੇ ਝਗੜੇ ਨੂੰ ਭਾਈ ਜੋਧ ਸਿੰਘ ਵਰਗੇ ਸਿਖ



Sri Satguru Jagjit Singh Ji eLibrary NamdhariElibrary@gmail.com

ਵਿਦਵਾਨ ਨੇ ਵੀ ਪੂਜਾ ਦੇ ਧਾਨ ਤੇ ਕਬਜ਼ੇ ਦੀ ਲੜਾਈ ਮੰਨਿਆ ਸੀ। ਨਨਕਾਣਾ ਸਾਹਿਬ ਦੇ ਗੁਰਦੁਆਰੇ ਤੇ ਵੀ ਅਕਾਲੀ ਕਬਜ਼ੇ ਦੇ ਮਾਸਟਰ ਤਾਰਾ ਸਿੰਘ ਨੇ ਜਿਹੜੇ ਚਾਰ ਕਾਰਨ ਲਿਖੇ ਹਨ ਉਨ੍ਹਾਂ ਵਿਚੋਂ ਇਕ ਉਥੋਂ ਦੀ ਆਮਦਨ ਹੀ ਦੱਸੀ ਹੈ।

ਕਬਜ਼ਿਆਂ ਦੀ ਇਹ ਮੁਹਿੰਮ ਹਨੇਰੀ ਦਾ ਰੂਪ ਧਾਰ ਗਈ। ਗੁਰਦੁਆਰਿਆਂ ਤੇ ਜਬਰੀ ਕਬਜ਼ੇ ਕਰਨੇ ਸਿੰਘਾਂ ਦਾ ਨਿਤ-ਕ੍ਰਮ ਬਣ ਗਿਆ। ਅਜਿਹੇ ਬਹੁਤੇ ਕਬਜ਼ੇ ਸ਼੍ਰੋਮਣੀ ਕਮੇਟੀ ਦੀ ਪਰਵਾਨਗੀ ਤੋਂ ਬਿਨਾਂ ਹੀ ਹੋਏ। ਅਸਲ ਵਿਚ ਇਸ ਤਰ੍ਹਾਂ ਕਰਨ ਦੀ ਕਮੇਟੀ ਦੀ ਨੀਤੀ ਜਾਂ ਯੋਜਨਾ ਹੀ ਨਹੀਂ ਸੀ। ਕੁਛ ਪਾਠਕ ਇਸ ਗੱਲ ਤੇ ਹੈਰਾਨ ਹੋ ਸਕਦੇ ਹਨ ਕਿ ਨਨਕਾਣਾ ਸਾਹਿਬ ਤੇ ਕਬਜ਼ਾ ਕਰਨ ਗਿਆ ਜਥਾ ਵੀ ਕਮੇਟੀ ਵਲੋਂ ਮਨ੍ਹਾਂ ਕੀਤੇ ਜਾਣ ਦੇ ਬਾਵਜੂਦ ਹੀ ਗਿਆ ਸੀ। ਗੁਰਦੁਆਰਾ ਭਾਈ ਜੋਗਾ (ਪਿਸ਼ਾਵਰ), ਗੁਰਦੁਆਰਾ ਮਾਣਕ (ਲਾਹੌਰ), ਤੇਜਾ ਕਲਾਂ, ਖਡੂਰ ਸਾਹਿਬ, ਗੋਇੰਦਵਾਲ, ਨੌਰੰਗਾਬਾਦ, ਖਰਾ ਸੌਦਾ, ਕਮਾਲੀਆ, ਗੁਰਦੁਆਰਾ ਕੇਰ ਬਾਬਾ, ਤਖਤ ਕੇਸਗੜ੍ਹ ਸਾਹਿਬ, ਤੇ ਕੀਰਤਪੁਰ ਸਾਹਿਬ ਆਦਿ ਦੇ ਅਨੇਕਾਂ ਗੁਰਦੁਆਰੇ ਇਸੇ ਤਰ੍ਹਾਂ ਕਬਜ਼ੇ ਵਿਚ ਲਏ ਗਏ ਸਨ। ਜੇ ਨਨਕਾਣਾ ਸਾਹਿਬ ਨੂੰ ਜਾਣ ਵਾਲੇ ਜਥੇ ਨੇ ਪੰਥਕ ਆਗੂਆਂ ਦੀ ਸਲਾਹ ਮੰਨੀ ਹੁੰਦੀ ਤਦ ਸਿਖ ਇਤਿਹਾਸ ਦਾ ਮਹਾਨ ਦੁਖਾਂਤ ਵਾਪਰਨ ਤੋਂ ਟਲ ਜਾਣਾ ਸੀ। ਸੰਤ ਵਿਸਾਖਾ ਸਿੰਘ ਨੇ ਇਸ ਗੱਲ ਦਾ ਜ਼ਿਕਰ ਵੀ ਕੀਤਾ ਹੈ ਕਿ ਅਜਿਹੇ ਕਬਜ਼ੇ ਕਰਨ ਲਈ ਹਾਲਾਤ ਜਾਣ ਬੁਝਕੇ ਪੈਦਾ ਕੀਤੇ ਜਾਂਦੇ ਸਨ। ਜਿਵੇਂ ਮੁਕਤਸਰ ਦੇ ਗੁਰਦੁਆਰੇ ਤੇ ਕਬਜ਼ਾ ਕਰਨ ਤੋਂ ਪਹਿਲਾਂ ਹਰਬੰਸ ਸਿੰਘ ਕਬਰਵਛਾ ਆਦਿ ਨੂੰ ਢੁਕਵੇਂ ਹਾਲਾਤ ਪੈਦਾ ਕਰਨ ਲਈ ਭੇਜਿਆ ਗਿਆ ਸੀ। ਇਨ੍ਹਾਂ ਕਬਜ਼ਿਆਂ ਵਾਸਤੇ 'ਸੁਧਾਰਕ' ਬਰਛੇ, ਛਵੀਆਂ, ਤੇ ਕਈ ਹਾਲਤਾਂ ਵਿਚ ਤਾਂ ਤਲਵਾਰਾਂ ਆਦਿ ਨਾਲ ਵੀ ਸਨੱਧਬੱਧ ਹੋ ਕੇ ਜਾਂਦੇ ਸਨ। ਸੁਧਾਰਵਾਦ ਦਾ ਵੇਗ ਇਨ੍ਹਾਂ ਜਥਿਆਂ ਤੇ ਇੰਨਾ ਭਾਰੂ ਹੋ ਗਿਆ ਸੀ ਕਿ ਨਨਕਾਣਾ ਸਾਹਿਬ ਸਥਿਤ ਗੁਰਦੁਆਰਾ ਕਿਆਰਾ ਸਾਹਿਬ ਵਿਚ ਲੱਗੀਆਂ ਬਾਬਾ ਸ੍ਰੀਚੰਦ ਦੀਆਂ ਤਸਵੀਰਾਂ ਦੀ ਭੰਨ ਤੋੜ ਸਮੇਂ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਨੂੰ ਵੀ ਨਾ ਬਖਸ਼ਿਆ ਗਿਆ ਸਗੋਂ ਉਸ ਦੀ ਵੀ ਬੇਅਦਬੀ ਕਰ ਦਿਤੀ।

ਇਸ ਮੁਹਿੰਮ ਵਿਚ ਉਦਾਸੀਆਂ ਵਲੋਂ ਨਿਜੀ ਜਾਇਦਾਦਾਂ ਵਿਚ ਸਥਾਪਤ ਪਰਚਾਰ ਕੇਂਦਰ, ਜਿਨ੍ਹਾਂ ਵਿਚ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਰਖੀਆਂ ਹੁੰਦੀਆਂ ਸਨ, ਵੀ ਸੁਧਾਰਕਾਂ ਦੀ ਕਰੋਪੀ ਤੋਂ ਨਾ ਬਚ ਸਕੇ। ਉਦਾਸੀਆਂ ਤੇ ਨਿਰਮਲਿਆਂ ਦੇ ਪਰਚਾਰ ਸਦਕਾ ਆਮ ਲੋਕਾਂ ਨੇ ਬਾਣੀ ਦੇ ਪਾਠ-ਸਤਿਕਾਰ-ਪਰਚਾਰ ਲਈ ਗਲੀਆਂ ਮੁਹੱਲਿਆਂ ਤੇ ਘਰਾਂ ਵਿਚ ਬੀੜਾਂ ਰਖੀਆਂ ਹੋਈਆਂ ਸਨ, ਉਨ੍ਹਾਂ ਨੇ ਇਸ ਡਰ ਦੇ ਮਾਰਿਆਂ ਇਨ੍ਹਾਂ ਥਾਵਾਂ ਤੋਂ ਬੀੜਾਂ ਚੁਕ ਦਿਤੀਆਂ ਕਿ ਕਿਤੇ ਸਿਖ ਇਨ੍ਹਾਂ ਥਾਵਾਂ ਤੇ ਵੀ ਕਬਜ਼ੇ ਨਾ ਕਰ ਲੈਣ। ਗਿ: ਗੁਰਮੁਖ ਸਿੰਘ ਮੁਸਾਫਰ ਅਨੁਸਾਰ ਸਿੰਧੀ ਲੋਕਾਂ ਨੇ ਬੜੇ ਦੁਖੀ ਦਿਲਾਂ ਨਾਲ ਚੁਬਾਰਿਆਂ ਵਿਚੋਂ ਬੀੜਾਂ ਚੁਕ ਦਿਤੀਆਂ ਸਨ। 'ਸਿਖੀ ਸੁਧਾਰ' ਦੀ ਇਸ ਪ੍ਰਵਿਰਤੀ ਦਾ ਗਿਆਨ ਉਨ੍ਹਾਂ ਸਮਿਆਂ ਵਿਚ ਪ੍ਰਚਲਤ 'ਆ ਗਈ ਫੌਜ ਅਕਾਲੀ.....ਡੇਰੇ ਕਰ ਦਿਓ ਖਾਲੀ' ਦੀ ਲੋਕੋਕਤੀ ਤੋਂ ਹੀ ਹੋ ਜਾਂਦਾ ਹੈ।

ਕਾਂਗਰਸ ਵਲੋਂ ਚਲਾਏ ਗਏ ਅਸਹਿਯੋਗ ਅੰਦੋਲਨ ਕਾਰਨ ਉਸ ਸਮੇਂ ਕਾਂਗਰਸੀ ਤੇ ਮਹਾਤਮਾ ਗਾਂਧੀ ਅਕਾਲੀਆਂ ਦੇ ਸਹਿਯੋਗੀ ਸਨ, ਪਰ ਜਦੋਂ ਉਨ੍ਹਾਂ ਨੂੰ ਅਕਾਲੀਆਂ ਦੇ ਹਥਿਆਰਬੰਦ ਜਥਿਆਂ ਵਲੋਂ ਜਬਰੀ ਕਬਜ਼ਿਆਂ ਦੀ ਉਕਤ ਪ੍ਰਵਿਰਤੀ ਦਾ ਪਤਾ ਲੱਗਾ ਤਾਂ ਉਨ੍ਹਾਂ ਇਸ ਦਾ ਸਖਤ ਵਿਰੋਧ ਕੀਤਾ। "ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਵਡੇ ਜਥੇ ਦਾ ਜਾਣਾ ਤਾਕਤ ਦਾ ਦਿਖਾਵਾ ਕਰਦਾ ਹੈ, ਭਾਵੇਂ ਹਿੰਸਾ ਦਾ ਕੋਈ ਵਿਚਾਰ ਜਾਂ ਉਦੇਸ਼ ਨਾ ਵੀ ਹੋਵੇ ਤੇ ਇਕ ਸੁਘੜ ਸਮਾਜ ਵਿਚ ਕੋਈ ਵਿਅਕਤੀ ਵੀ, ਇਥੋਂ ਤਕ ਕਿ ਇਕ ਭੈੜਾ ਵਿਅਕਤੀ ਵੀ, ਜਿਹੜਾ ਪ੍ਰਤੱਖ ਤੌਰ ਤੇ ਮੰਦਰਾਂ ਵਰਗੇ ਜਨਤਕ ਸਥਾਨ ਤੇ ਕਾਬਜ਼ ਹੋਵੇ ਕਾਨੂੰਨੀ ਕਾਰਵਾਈ ਤੋਂ ਬਿਨਾਂ ਧੱਕੇ ਨਾਲ ਜਾਂ ਅਯੋਗ ਦਬਾਓ ਪਾਕੇ ਬੇਦਖਲ ਨਹੀਂ ਕੀਤਾ ਜਾ ਸਕਦਾ ......ਤੁਹਾਡੇ ਵਲੋਂ ਅਜਿਹਾ ਜਤਨ ਖਾਲਸਾ ਧਰਮ ਨੂੰ ਨਕਾਰਨ ਵਾਲੀ ਗੱਲ ਹੋਵੇਗੀ ਜਿਸਦਾ ਆਧਾਰ ਹੀ ਕਮਜ਼ੋਰ ਦੀ ਰਖਿਆ ਕਰਨਾ ਹੈ, "..... ਗਾਂਧੀ ਜੀ ਨੇ ਲਿਖਿਆ ਸੀ। " ਜਿਸ ਤਰ੍ਹਾਂ ਭਗਵਾਂ ਪਹਿਨਕੇ ਸਾਧੂ ਲਾਲਚ ਕਰਦਾ ਸੋਭਦਾ ਨਹੀਂ ਉਸੇ ਤਰ੍ਹਾਂ ਖਾਲਸਾ ਅਖਵਾਕੇ ਸਿਖ ਜ਼ੋਰ, ਧੱਕਾ ਜਾਂ ਨਿੰਦਿਆ ਕਰਦਾ ਫੱਬਦਾ ਨਹੀਂ, ਅੱਜ ਸਾਡਾ ਨਾਂ ਖਾਲਸਾ ਹੈ ਪਰ ਉਦੋਂ ਸਾਡੀ ਸਿਫਤ ਖਾਲਸਾ ਸੀ," ਖਾਲਸਾ ਚਰਿੱਤਰ ਨੂੰ ਯਾਦ ਕਰਦਿਆਂ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਲਿਖਿਆ ਸੀ। ਪਰ ਕਬਜ਼ਾ ਮੁਹਿੰਮ ਦੇ ਆਗੂ ਇਨ੍ਹਾਂ ਸਾਵਧਾਨੀਆਂ ਤੋਂ ਬੇਪਰਵਾਹ ਰਹੇ ਜਿਸ ਕਰਕੇ ਉਦਾਸੀ ਤੇ ਨਿਰਮਲੇ ਸੰਤ-ਮਹੰਤ, ਜਿਨ੍ਹਾਂ ਦੀ ਰੋਜ਼ੀ ਤੇ ਜਾਇਦਾਦ ਇਸ ਤੋਂ ਬਹੁਤੀ ਪ੍ਰਭਾਵਤ ਹੋਈ ਸੀ ਸਿਖ ਪੰਥ ਨਾਲੋਂ ਟੁਟ ਗਏ। ਕਈ ਹਜ਼ਾਰ ਸਿੰਧੀ ਸਿਖਾਂ ਨੇ ਕੇਸ ਕਟਵਾ ਦਿਤੇ। ਜਿਹੜੇ ਹਿੰਦੂ ਸ਼ਰਧਾਲੂ ਗੁਰਦੁਆਰਿਆਂ ਵਿਚ ਸਵੇਰੇ ਸ਼ਾਮ ਮੱਥਾ ਟੇਕਣ ਆਉਂਦੇ ਸਨ ਉਹ ਵੀ ਘਰੀਂ ਬੈਠ ਗਏ। ਹਿੰਦੂਆਂ ਵਿਚੋਂ ਅੰਮ੍ਰਿਤ ਛਕ ਕੇ ਸਿੰਘ ਸਜਣ ਵਾਲਿਆਂ ਦੀ ਗਿਣਤੀ ਵੀ ਪ੍ਰਭਾਵਤ ਹੋਈ ਤੇ ਗੁਰਦੁਆਰਿਆਂ ਦੀ ਪੂਜਾ-ਆਮਦਨ ਵੀ।

ਪਹਿਲਾਂ ਹੀ ਘੱਟ ਗਿਣਤੀ ਤੇ ਫਟੇ ਹੋਏ ਸਿਖ ਪੰਥ ਦੇ ਇਸ ਤਰ੍ਹਾਂ ਤਾਰ ਤਾਰ ਹੋ ਜਾਣ ਨਾਲ ਸੁਹਿਰਦ ਸਿੱਖਾਂ ਦੇ



Sri Satguru Jagjit Singh Ji eLibrary NamdhariElibrary@gmail.com

ਹਿਰਦੇ ਵਲੂੰਧਰੇ ਗਏ। ਉਹ ਸਿਖੀ ਦੇ ਪੁਰਾਣੇ ਪ੍ਰਚਾਰਕ ਤੇ ਅਟੁੱਟ ਅੰਗਾਂ ਦੇ ਇਸ ਤਰ੍ਹਾਂ ਵਖ ਹੋ ਜਾਣ ਤੋਂ ਬਹੁਤ ਚਿੰਤਾਤੁਰ ਸਨ, ਪਰ ਕਿਸੇ ਵਿਚ ਕੁਛ ਕਹਿਣ ਜੀ ਜੁਰੱਅਤ ਨਹੀਂ ਸੀ ਪੈਂਦੀ ਕਿਉਂਕਿ ਸਿਖਾਂ ਦਾ ਜਾਬਰ ਧੜਾ ਸਭ ਤੇ ਭਾਰੂ ਸੀ। ਗੜਗੱਜ ਅਕਾਲੀ ਜਥਾ ਤਾਂ ਇਕ ਤਰ੍ਹਾਂ ਨਾਲ ਸਭ ਤੋਂ ਬਾਗੀ ਸਮਝਿਆ ਜਾਂਦਾ ਸੀ ਤੇ ਇਕ ਸਥਿਤੀ ਅਜਿਹੀ ਵੀ ਆਈ ਕਿ ਸ਼੍ਰੋਮਣੀ ਕਮੇਟੀ ਨੂੰ ਮਜਬੂਰੀ ਅਧੀਨ ਕੁਛ ਸਿਖ ਸੰਸਥਾਵਾਂ ਨੂੰ ਗੈਰ ਕਾਨੂੰਨੀ ਕਰਾਰ ਵੀ ਦੇਣਾ ਪਿਆ ਸੀ। ਮਾਸਟਰ ਤਾਰਾ ਸਿੰਘ ਜੀ ਦਾ ਆਪਣਾ ਅਨੁਭਵ ਬਹੁਤ ਕੌੜਾ ਸੀ। ਚਾਬੀਆਂ ਦਾ ਮੋਰਚਾ ਜਿਤਣ ਪਿਛੋਂ ਦੀ ਸਿਖ ਮਾਨਸਿਕਤਾ ਦਾ ਵਰਨਣ ਕਰਦਿਆਂ ਮਾਸਟਰ ਜੀ ਨੇ ਦੁਖ ਪ੍ਰਗਟਾਉਂਦਿਆਂ ਲਿਖਿਆ ਹੈ, "ਸ਼੍ਰੋਮਣੀ ਕਮੇਟੀ ਦਾ ਹੁਕਮ ਮੰਨਣਾ ਤਾਂ ਕਿਧਰੇ ਰਿਹਾ, ਦਰਬਾਰ ਸਾਹਿਬ ਕਮੇਟੀ ਤੇ ਮੈਂਬਰਾਂ ਨੂੰ—ਜਿਨ੍ਹਾਂ ਵਿਚ ਬਾਵਾ ਹਰਕਿਸ਼ਨ ਸਿੰਘ ਜੀ ਭੀ ਸਨ—ਅਕਾਲੀਆਂ ਨੇ ਦਫਤਰ ਦੇ ਇਕ ਕਮਰੇ ਵਿਚ ਕੋਈ ਤਿੰਨ ਘੰਟੇ ਇਸ ਅਪ੍ਰਾਧ ਵਿਚ ਡੱਕੀ ਰਖਿਆ ਕਿ ਉਨ੍ਹਾਂ ਨੂੰ ਲੰਗਰ ਵਿਚ ਰੋਟੀ ਚੰਗੀ ਨਹੀਂ ਸੀ ਮਿਲੀ। ਇਸ ਤਰ੍ਹਾਂ ਨਾਲ ਅਸੀਂ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਤਾਂ ਇਸ ਫਿਕਰ ਵਿਚ ਸਾਂ ਕਿ ਕੁੰਜੀਆਂ ਦੀ ਜਿੱਤ ਨੇ ਸਾਨੂੰ ਖਤਮ ਕਰ ਦਿਤਾ ਹੈ।"

ਬਲਦੀ ਤੇ ਤੇਲ ਦਾ ਕੰਮ ਸਰਦਾਰ ਧਰਮਾਨੰਤ ਸਿੰਘ ਦੇ ਇਕ ਲੇਖ 'ਸਿਖ ਦੇ ਰੂਪ ਵਿਚ ਹਿੰਦੂ ਮਤ ਦੇ ਢੰਢੋਰਚੀ' ਨੇ ਕੀਤਾ ਸੀ ਜੋ ਉਦਾਸੀਆਂ ਨਿਰਮਲਿਆਂ ਸਬੰਧੀ ਸੀ। ਉਦਾਸੀਆਂ ਦਾ ਇਤਰਾਜ਼ ਸੀ ਕਿ ਜੇ ਸਦੀਆਂ ਤੋਂ ਸਿਖੀ ਦਾ ਪਰਚਾਰ ਕਰਨ ਬਦਲੇ ਉਨ੍ਹਾਂ ਨੂੰ ਸਿੱਖੀ ਤੋਂ ਖਾਰਜ ਕਰਕੇ ਹਿੰਦੂ ਕਿਹਾ ਜਾਣ ਲੱਗਾ ਹੈ ਤਾਂ ਹਿੰਦੂ ਵੀ ਉਨ੍ਹਾਂ ਨੂੰ ਸ਼ੱਕ ਦੀ ਨਜ਼ਰੇ ਤੱਕਣਗੇ।

ਗੁਰਦੁਆਰਾ ਲਹਿਰ ਦਾ ਅੰਤ ਸੀ ਸਿਖ ਗੁਰਦੁਆਰਾ ਬਿਲ, ਜਿਸ ਦੀ ਵਿਰੋਧਤਾ ਕੇਵਲ ਉਦਾਸੀ ਜਾਂ ਨਿਰਮਲੇ ਹੀ ਨਹੀਂ ਸਗੋਂ ਲਗਪਗ ਸਭ ਵਰਗ ਹੀ ਕਰ ਰਹੇ ਸਨ। ਵਿਸ਼ੇਸ਼ ਕਰਕੇ ਪੰਥਕ ਏਕਤਾ ਦੇ ਇੱਛੁਕ ਸੁਹਿਰਦ ਸਿਖ ਕਿਉਂਕਿ ਹਰ ਕਿਸੇ ਦੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਇਹ ਬਿਲ ਹਾਨੀਕਾਰਕ ਸਿਧ ਹੋਣ ਵਾਲਾ ਸੀ। ਇਸ ਬਿਲ ਤੇ ਪ੍ਰਵਾਨਗੀ ਦੀ ਮੋਹਰ ਲਾ ਚੁੱਕੀ ਸ਼੍ਰੋਮਣੀ ਕਮੇਟੀ ਵੀ ਕਿੰਤੂ ਪ੍ਰੰਤੂ ਤੇ ਉਤਰ ਆਈ ਸੀ ਤੇ ਐਕਟ ਦੇ ਫਲਸਰੂਪ ਹੋਣ ਵਾਲੇ ਨੁਕਸਾਨਾਂ ਦਾ ਅਧਿਐਨ ਕਰਨ ਲਈ ਉਸ ਵਲੋਂ ਇਕ ਕਮੇਟੀ ਦਾ ਗਠਨ ਵੀ ਕੀਤਾ ਗਿਆ ਸੀ। ੬ ਅਕਤੂਬਰ ੧੯੨੫ ਨੂੰ ਹੋਈ ਮੀਟਿੰਗ ਵਿਚ ਐਕਟ ਦੇ ਨਾਂ ਨੂੰ ਲੈ ਕੇ ਹੀ ਸ਼੍ਰੋਮਣੀ ਕਮੇਟੀ ਤਿੰਨ ਧੜਿਆਂ ਵਿਚ ਵੰਡੀ ਗਈ ਸੀ। ਹੁਣ ਤਕ ਸਿਖ ਬੁਧੀਜੀਵੀਆਂ ਵਲੋਂ ਸਿਖ ਗੁਰਦੁਆਰਾ ਐਕਟ ੧੯੨੫ ਦੀਆਂ ਊਣਤਾਈਆਂ ਕਢ ਕੇ ਇਸ ਦੀ ਸੋਧ ਤੇ ਦਿਤਾ ਜਾ ਰਿਹਾ ਜ਼ੋਰ ਉਸ ਖਦਸ਼ੇ ਦੀ ਪੁਸ਼ਟੀ ਹੀ ਕਰਦਾ ਹੈ।

ਤਦਵਕਤੀ ਸਿਖ ਬੁਧੀਜੀਵੀ ਇਹ ਬਿਲ ਪੰਥ ਨੂੰ ਇਸ ਤਰ੍ਹਾਂ ਤਾਰ-ਤਾਰ ਕਰਕੇ ਖਤਮ ਕਰਨ ਵਾਲਾ ਸਮਝਦੇ ਸਨ ਕਿ ਤਾਰਾਂ ਨੂੰ ਇਕਠਿਆਂ ਕਰਨਾ ਅਸੰਭਵ ਹੋ ਜਾਏਗਾ। ਇਸ ਲਈ ਉਹ ਉਦਾਸੀ ਤੇ ਨਿਰਮਲੇ ਸਿਖਾਂ ਨੂੰ ਸ਼ਾਂਤ ਕਰਨ ਦੇ ਆਹਰ ਵਿਚ ਸਨ। ਬਿਲ ਤੇ ਸ਼ਿਮਲੇ ਵਿਚ ਅੰਤਮ ਬਹਿਸ ਹੋਣ ਸਮੇਂ ੬ ਜੁਲਾਈ ੧੯੨੫ ਦੇ ਦਿਨ ਵੀ ਪ੍ਰੋ: ਤੇਜਾ ਸਿੰਘ, ਡਾਕਟਰ ਗੋਕਲਚੰਦ ਨਾਰੰਗ ਤੇ ਉਦਾਸੀ ਸੰਤ ਇਸ ਜਤਨ ਵਿਚ ਰਹੇ ਕਿ ਕਿਸੇ ਤਰ੍ਹਾਂ ਇਸ ਬਿਲ ਦਾ ਪਾਸ ਹੋਣਾ ਰੁਕ ਜਾਵੇ ਪਰ ਉਨ੍ਹਾਂ ਦੀ ਇਹ ਆਸ ਪੂਰੀ ਨਾ ਹੋਈ। ਬਿਲ ਤੋਂ ਬਣੇ ਇਸ ਐਕਟ ਦੀ ਧਾਰਾ ੭ ਅਨੁਸਾਰ ੫੦ ਸਿਖ ਕਿਸੇ ਵੀ ਧਰਮਸਥਾਨ ਨੂੰ ਸਿਖ ਗੁਰਦੁਆਰਾ ਐਕਟ ਤਸਲੀਮ ਕੀਤੇ ਜਾਣ ਦੀ ਦਰਖਾਸਤ ਦੇ ਸਕਦੇ ਸਨ ਤੇ ਕੋਈ ਵੀ ਸਥਾਨਕ ਕਮੇਟੀ ਪੰਜ ਰੁਪਏ ਦੀ ਫੀਸਕੋਰਟ ਲਾ ਕੇ ਸਬੰਧਤ ਸਥਾਨ ਦਾ ਕਬਜ਼ਾ ਲੈਣ ਦਾ ਦਾਅਵਾ ਕਰ ਸਕਦੀ ਸੀ। ਇਉਂ ਇਸ ਐਕਟ ਨੇ ਸੰਪਰਦਾਵਾਂ ਤੇ ਸ਼੍ਰੋਮਣੀ ਕਮੇਟੀ ਵਿਚਕਾਰ ਪਾੜਾ ਸਗੋਂ ਵਧਾ ਦਿਤਾ। ਉਦਾਸੀ ਤੇ ਨਿਰਮਲੇ ਆਪਣੇ ਆਪ ਨੂੰ ਗੈਰ ਸਿਖ ਜਾਂ ਹਿੰਦੂ ਸਿੱਧ ਕਰਨ ਤੇ ਜ਼ੋਰ ਦੇਣ ਲਗ ਪਏ ਤੇ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਸਿਖ ਸਿੱਧ ਕਰਨ ਲਈ ਪੱਬਾਂ ਭਾਰ ਹੋਈ ਰਹੀ। ਜਿਨ੍ਹਾਂ ਅਦਾਲਤਾਂ ਵਿਚੋਂ ਨਿਆਂ ਮਹਿੰਗਾ ਤੇ ਲੰਮਾ ਸਮਾਂ ਪਾ ਕੇ ਮਿਲਣ ਦੇ ਵਿਰੋਧ ਵਿਚ ਪਹਿਲਾਂ ਅਕਾਲੀਆਂ ਨੇ ਮਹਾਤਮਾ ਗਾਂਧੀ ਦਾ, ਗੁਰਦੁਆਰਿਆਂ ਤੇ ਕਬਜ਼ੇ ਅਦਾਲਤੀ ਕਾਰਵਾਈ ਰਾਹੀਂ ਕਰਨ ਦਾ, ਸੁਝਾਉ ਮੰਨਣ ਤੋਂ ਸਿਰ ਫੇਰਿਆ ਸੀ ਉਨ੍ਹਾਂ ਅਦਾਲਤਾਂ ਵਿਚ ਹੀ ਡੇਰਿਆਂ ਦੇ ਕਬਜ਼ਿਆਂ ਲਈ ਮੁਕੱਦਮੇ ਚਲਾਏ ਗਏ। ਮਾਸਟਰ ਤਾਰਾ ਸਿੰਘ ਜੀ ਅਨੁਸਾਰ ੧੯੨੯ ਤੋਂ ਪਿਛੋਂ ਸ਼੍ਰੋਮਣੀ ਕਮੇਟੀ ਕੋਲ ਕਬਜ਼ਿਆਂ ਦੇ ਮੁਕੱਦਮੇ ਲੜਨ ਤੋਂ ਬਿਨਾਂ ਹੋਰ ਕੰਮ ਹੀ ਨਹੀਂ ਸੀ ਰਿਹਾ।

ਇਨ੍ਹਾਂ ਮੁਕੱਦਮਿਆਂ ਦਾ ਇਕ ਦਿਲਚਸਪ ਪਹਿਲੂ ਇਹ ਸੀ ਕਿ ਇਨ੍ਹਾਂ ਦੀ ਅੰਤਮ ਸੁਣਵਾਈ, ਸਰਵੁੱਚ ਅਧਿਕਾਰ ਪ੍ਰਾਪਤ ਤੇ ਲੰਡਨ ਸਥਿਤ ਪ੍ਰਿਵੀ ਕੌਂਸਲ ਵਿਚ ਹੁੰਦੀ ਸੀ। ਮਾਣਕ ਦੇ ਗੁਰਦੁਆਰੇ ਦੇ ਅਜਿਹੇ ਮੁਕਦਮੇ ਦੇ ਫੈਸਲੇ ਵਿਚ ਇਸ ਕੌਂਸਲ ਨੇ ਨਾ ਕੇਵਲ ਉਦਾਸੀਆਂ ਨੂੰ ਹੀ ਅਸਿਖ ਕਰਾਰ ਦਿਤਾ ਸਗੋਂ ਸਿਖਾਂ ਨੂੰ ਵੀ ਹਿੰਦੂ ਤਸਲੀਮ ਕਰਦਿਆਂ ਆਖਿਆ ਕਿ ਸਿਖਾਂ ਵਲੋਂ ਕਬਜ਼ੇ ਹੇਠ ਲਿਆਂਦੇ ਗਏ ਧਰਮ ਸਥਾਨ ਗੁਰਦੁਆਰੇ ਨਹੀਂ, ਉਦਾਸੀ ਡੇਰੇ ਹਨ।

ਸਿਖ ਪੰਥ ਨੂੰ ਇਕੱਤਰ ਕਰਨ ਦੇ ਹੰਭਲੇ ਵਜੋਂ ੧੯੩੪ ਵਿਚ ਨਾਮਧਾਰੀਆਂ ਵਲੋਂ ਸਰਵ ਗੁਰੂ ਨਾਨਕ ਨਾਮ ਲੇਵਾ ਸਿਖਾਂ ਦਾ ਇਕ ਇਕੱਠ ਬੁਲਾਇਆ ਗਿਆ ਜਿਸ ਵਿਚ



Sri Satguru Jagjit Singh Ji eLibrary NamdhariElibrary@gmail.com

ਉਦਾਸੀ ਤੇ ਨਿਰਮਲੇ ਸ਼ਾਮਲ ਹੋਣ ਤੋਂ ਇਸ ਗੱਲੋਂ ਡਰਦੇ ਸਨ ਕਿ ਇਕੱਠ ਵਿਚ ਜੇ ਉਨ੍ਹਾਂ ਨੇ ਸਿਖ ਹੋਣਾ ਤਸਲੀਮ ਕਰ ਲਿਆ ਤਦ ਉਹ ਅਦਾਲਤੀ ਮੁਕਦਮੇ ਹਾਰ ਜਾਣਗੇ ਤੇ ਬਾਕੀ ਬਚਦੀਆਂ ਜਾਇਦਾਦਾਂ ਖੁਹਾ ਬੈਠਣਗੇ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਸਿਖ ਨਹੀਂ ਮੰਨਣਾ ਤਦ ਇਕੱਠ ਵਿਚ ਜਾਣਾ ਹੀ ਬੇਅਰਥ ਹੋਵੇਗਾ, ਪਰ ਕੁਛ ਭਰੋਸੇਯੋਗ ਸਿਖਾਂ ਵਲੋਂ ਉਨ੍ਹਾਂ ਦਾ ਨੁਕਸਾਨ ਹੋਣ ਦੇਣ ਦੀ ਥਾਂ ਸਗੋਂ ਪਿਛਲੇ ਹੋਏ ਨੁਕਸਾਨ ਦੀ ਪੂਰਤੀ ਦਾ ਜਤਨ ਕਰਨ ਦਾ ਵਿਸ਼ਵਾਸ ਦੁਆਏ ਜਾਣ ਪਿਛੋਂ ਉਹ ਇਕੱਠ ਵਿਚ ਸ਼ਾਮਲ ਹੋਣਾ ਮੰਨ ਗਏ। ਇਸ ਇਕੱਠ ਦੇ ਸਰਬਸੰਮਤ ਪ੍ਰਧਾਨ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ ਨੇ ਉਨ੍ਹਾਂ ਦੇ ਜ਼ਖ਼ਮਾਂ ਤੇ ਮਲ੍ਹਮ ਲਾਉਣ ਵਾਲੀ ਤਕਰੀਰ ਕਰਦਿਆਂ ਆਖਿਆ ਸੀ ਕਿ "ਭਲਾ ਸੋਚੋ ਖਾਂ, ਜੇ ਬਾਬਾ ਅਲਮਸਤ ਜੀ, ਭਗਤ ਭਗਵਾਨ ਜੀ, ਭਾਈ ਫੇਰੂ ਜੀ ਜਾਂ ਹੋਰ ਉਦਾਸੀ ਪਰਚਾਰਕਾਂ ਦਾ ਗੁਰੂ ਜੀ ਦੀ ਕੇਂਦਰੀ ਸਿਖੀ ਨਾਲ ਕੋਈ ਅਸੂਲੀ ਮਤਭੇਦ ਹੁੰਦਾ ਤਾਂ ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰ ਰਾਇ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨਾਲ ਇਨ੍ਹਾਂ ਦਾ ਗੂੜ੍ਹਾ ਸਬੰਧ ਕਿਉਂ ਹੁੰਦਾ ?"

ਆਪਣੀ ਲੰਮੀ ਤਕਰੀਰ ਵਿਚ ਆਪ ਨੇ ਅਗੇ ਚਲ ਕੇ ਇਹ ਵੀ ਯਾਦ ਕਰਵਾਇਆ ਸੀ ਕਿ "ਸਿੰਘ ਸਭਾ ਲਾਹੌਰ ਦੇ ਚਲਣ ਤਕ ਇਹੋ ਸੰਪਰਦਾਵਾਂ ਸਿਖੀ ਦਾ ਪਰਚਾਰ ਕਰਦੀਆਂ ਰਹੀਆਂ। ਇਨ੍ਹਾਂ ਨੇ ਪੰਜਾਬ ਦੇ ਅੰਦਰ ਅਤੇ ਬਾਹਰ ਦੂਰ ਦੂਰ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਦਾ ਝੰਡਾ ਝੁਲਾਇਆ। ਇਨ੍ਹਾਂ ਨੇ ਸਿਖੀ ਨੂੰ ਉਨ੍ਹਾਂ ਖੂੰਜਿਆਂ ਤਕ ਵੀ ਪੁਚਾਇਆ ਜਿਨ੍ਹਾਂ ਦਾ ਨਾਮ ਭੀ ਸਿੰਘ ਸਭਾ ਵਾਲਿਆਂ ਨੂੰ ਚੇਤੇ ਨਹੀਂ ਆਉਂਦਾ। ਸਿੰਘ ਸਭਾ ਲਹਿਰ ਨੇ ਪੱਛਮੀ ਵਿਦਿਆ ਦੇ ਚਾਨਣੇ ਵਿਚ ਬਹੁਤ ਕੁਝ ਸੁਧਾਰ ਦਾ ਕੰਮ ਕੀਤਾ ..... ਪਰ ਇਕ ਗੱਲ ਵਲੋਂ ਕਸਰ ਰਹਿ ਗਈ। ਉਹ ਇਹ ਸੀ ਕਿ ਪੁਰਾਣੇ ਤਰੀਕੇ ਦੇ ਪਰਚਾਰ ਦੀਆਂ ਕੁਛ ਊਣਤਾਈਆਂ ਵੇਖ ਕੇ ਪੁਰਾਣੇ ਪਰਚਾਰਕਾਂ ਵਲੋਂ ਉੱਕਾ ਹੀ ਮੂੰਹ ਮੋੜ ਲਿਆ। ਸਾਧਾਂ ਸੰਤਾਂ ਦੀ ਹੋਂਦ ਨੂੰ ਹੀ ਖਤਰਨਾਕ ਸਮਝਿਆ।...... ਜੇ ਬਾਵਜੂਦ ਇਨ੍ਹਾਂ ਗੱਲਾਂ ਦੇ ਆਮ ਸੰਗਤਾਂ ਨੂੰ ਸੁਧਾਰ ਦੇ ਕੰਮਾਂ ਵਿਚ ਨਾਲ ਕਰ ਲਿਆ ਗਿਆ ਸੀ ਤਾਂ ਇਹ ਭੀ ਹੋ ਸਕਦਾ ਸੀ ਕਿ ਪਿਆਰ ਅਤੇ ਮੇਲਜੋਲ ਨਾਲ ਉਦਾਸੀ ਅਤੇ ਨਿਰਮਲੇ ਸਿਖਾਂ ਵਿਚੋਂ ਭੀ ਬਹੁਤ ਸਾਰਿਆਂ ਨੂੰ ਸੁਧਾਰ ਦੇ ਕੰਮ ਵਿਚ ਨਾਲ ਕਰ ਲੈਂਦੇ; ਪਰ ਐਸਾ ਨਾ ਕੀਤਾ ਗਿਆ ਅਤੇ ਸੁਧਾਰ ਦੇ ਲੋਰ ਵਿਚ ਅਸੀਂ ਉਦਾਸੀ ਤੇ ਨਿਰਮਲੇ ਆਦਿ ਸਿਖ ਭਰਾਵਾਂ ਨੂੰ ਦੂਰ ਕਰਦੇ ਗਏ ਤਾਂ ਭੀ ਸਾਡੇ ਏਹਨਾਂ ਵੀਰਾਂ ਵਿਚੋਂ ਕਈਆਂ ਨੇ ਇਸ ਸੁਧਾਰ ਦੇ ਕੰਮ ਵਿਚ ਆਪਣੀ ਵਲੋਂ ਸਾਡਾ ਸਾਥ ਦਿਤਾ ਅਤੇ ਆਪਣਾ ਅੰਗ ਪਾਲਿਆ ਤੇ ਸੇਵਾ ਵਿਚ ਨਿਭੇ।"

ਗੁਰਦੁਆਰਾ ਲਹਿਰ ਸਮੇਂ ਹੋਈਆਂ ਵਧੀਕੀਆਂ ਨੂੰ ਤ੍ਰਿਸਕਾਰਦਿਆਂ ਆਪ ਨੇ ਇਹ ਵੀ ਆਖਿਆ ਕਿ " ਫਿਰ ਗੁਰਦਵਾਰਾ ਸੁਧਾਰ ਲਹਿਰ ਦੀ ਵਾਰੀ ਆਈ। ਇਸ ਵਿਚ ਇਹ ਬੜੀ ਚੰਗੀ ਤੇ ਲੋੜੀਂਦੀ ਗੱਲ ਸੀ ਕਿ ਗੁਰਦਵਾਰਿਆਂ ਦਾ ਪਰਬੰਧ ਸੁਧਾਰਿਆ ਜਾਵੇ। ਜਾਇਦਾਦਾਂ ਖੁਰਦ ਬੁਰਦ ਨਾ ਹੋਣ।..... ਪਰ ਅਸੀਂ ਬੇਸਬਰੇ ਹੋ ਕੇ ਕਈ ਬੇਲੋੜੀਆਂ ਗੱਲਾਂ ਵੀ ਕਰ ਗਏ। ਇਹ ਗੱਲ ਤਾਂ ਜ਼ਰੂਰੀ ਸੀ ਕਿ ਮੰਦੇ ਸੇਵਾਦਾਰ ਹਟਾਏ ਜਾਣ ਪਰ ਸਾਰੇ ਸੇਵਾਦਾਰ ਮਾੜੇ ਨਹੀਂ ਸਨ। ਜੇ ਅਸੀਂ ਦੇਖਦੇ ਕਿ ਕਿਸੇ ਥਾਂ ਉਦਾਸੀ ਸੰਤ ਮਾੜਾ ਹੈ ਤਾਂ ਉਸਨੂੰ ਹਟਾਉਣ ਲਈ ਜਤਨ ਕਰਦੇ, ਪਰ ਇਹ ਜ਼ਰੂਰੀ ਨਹੀਂ ਸੀ ਕਿ ਉਦਾਸੀਆਂ ਨੂੰ ਸਿਰਫ ਇਸ ਲਈ ਹਟਾ ਦਿੰਦੇ ਕਿ ਉਹ ਉਦਾਸੀ ਸੰਪਰਦਾ ਦੇ ਹਨ। ਏਸੇ ਤਰ੍ਹਾਂ ਇਹ ਜ਼ਰੂਰੀ ਨਹੀਂ ਸੀ ਕਿ ਹਰ ਥਾਂ ਤੇ ਕਮੇਟੀਆਂ ਹੀ ਹੋਣ ਤਾਂ ਸੁਧਾਰ ਹੋ ਸਕਦਾ ਹੈ ਤੇ ਜੇ ਇਕ ਤਜਰਬੇਕਾਰ ਬਿਨਾਂ ਤਨਖਾਹ ਲੈਣ ਦੇ ਕੰਮ ਚਲਾਈ ਜਾਏ ਅਤੇ ਜਾਇਦਾਦ ਨੂੰ ਵੇਚਣ ਤੋਂ ਬਚਾਈ ਰਖੇ ਅਤੇ ਧਰਮ ਪਰਚਾਰ ਦਾ ਪਰਵਾਹ ਜਾਰੀ ਰਖੇ ਤਾਂ ਸੁਧਾਰ ਨਹੀਂ ਹੋ ਸਕਦਾ ?... ਗੁਰਬਾਣੀ ਦੇ ਪਰਚਾਰ ਲਈ ਸਾਨੂੰ ਉਦਾਸੀ ਨਿਰਮਲੇ, ਨਿਹੰਗ ਸਿੰਘ, ਸਿੰਘ ਸਭੀਏ, ਅਕਾਲੀ, ਨਾਮਧਾਰੀ ਭਰਾਵਾਂ ਦੀ ਬਹੁਤ ਲੋੜ ਹੈ।....."

ਇਸ ਕਾਨਫਰੰਸ ਦਾ ਇਕ ਗੁਰਮਤਾ ਪੇਸ਼ ਕਰਨ ਸਮੇਂ ਸਰਦਾਰ ਤੇਜਾ ਸਿੰਘ ਅਕਰਪੁਰੀ ਮੀਤ ਪ੍ਰਧਾਨ ਗੁ: ਪ੍ਰ. ਕਮੇਟੀ ਨੇ ਆਖਿਆ ਸੀ ਕਿ "ਉਦਾਸੀਆਂ ਤੋਂ ਸਿਵਾਇ ਦੂਸਰੀਆਂ ਸੰਪਰਦਾਵਾਂ ਨਾਲ ਸਾਡਾ ਵਤੀਰਾ ਕੁਛ ਚਿਰ ਤੋਂ ਹੱਛਾ ਰਿਹਾ ਹੈ। ਅਸੀਂ ਅਡਣਸ਼ਾਹੀਏ ਤੇ ਨਿਰਮਲੇ ਸੰਤਾਂ ਦੇ ਗੁਰਦੁਆਰੇ ਛਡ ਦਿਤੇ ਹਨ। ਸ਼੍ਰੋਮਣੀ ਕਮੇਟੀ ਦੀ ਇਕ ਜਨਰਲ ਮੀਟਿੰਗ ਵਿਚ ਇਕ ਅਜਿਹਾ ਗੁਰਮਤਾ ਪਾਸ ਵੀ ਹੋ ਚੁਕਾ ਹੈ। ਹੁਣ ਤੋਂ ਲੈ ਕੇ ਤਾਂ ਅਸੀਂ ਸਗੋਂ ਹੀ ਸਾਰੀਆਂ ਸੰਪਰਦਾਵਾਂ ਦਾ ਖਿਆਲ ਰਖਾ ਕਰਾਂਗੇ।"

ਇਸ ਮੌਕੇ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੱਡਬੀਤੀ ਸੁਣਾਈ ਕਿ ਕਿਵੇਂ ਰਿਸ਼ੀਕੇਸ਼ ਪੰਜਾਬੀ ਛੇਤ੍ਰ ਵਿਚ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ, ਪਰ ਪੰਜਾਬ ਦੀਆਂ ਘਟਨਾਵਾਂ ਦੇ ਪ੍ਰਭਾਵ ਅਧੀਨ ਉਥੋਂ ਦੇ ਪ੍ਰਬੰਧਕਾਂ ਨੇ ਇਸ ਸਥਾਨ ਨੂੰ ਮੰਦਰ ਦਾ ਰੂਪ ਦੇਣ ਦਾ ਫੈਸਲਾ ਕਰ ਲਿਆ, ਕਿ ਉਥੇ ਸਿਖਾਂ ਨੂੰ ਕਿਵੇਂ ਘਿਰਣਾ ਕੀਤੀ ਜਾਂਦੀ ਸੀ ਤੇ ਕਿਵੇਂ ਬੜੀ ਔਖ ਨਾਲ ਇਨ੍ਹਾਂ ਦਾ ਜਥਾ, ਸੰਤ ਸੰਪੂਰਨ ਸਿੰਘ ਤਰਨਤਾਰਨੀ ਦੀ ਮਦਦ ਤੇ ਆਪਣੀ ਕਾਵਿ ਕਲਾ ਦੇ ਪ੍ਰਭਾਵ ਨਾਲ ਉਥੋਂ ਦੇ ਪ੍ਰਬੰਧਕਾਂ ਨੂੰ ਵਿਸ਼ਵਾਸ ਦੁਆ ਸਕਿਆ ਸੀ ਕਿ—ਹੋਰ ਕੋਈ ਵੈਰ ਨਹੀਂ ਵਿਰੋਧ ਨਹੀਂ ਮਹਾਤਮਾ ਜੀ ਮੰਨਣਾ ਨਾ ਭੁੱਲ ਕੇ ਦੁਹਾਈ ਏ, ਦੁਹਾਈ ਏ।



Sri Satguru Jagjit Singh Ji eLibrary NamdhariElibrary@gmail.com

ਕਾਨਫਰੰਸ ਦਾ ਚੌਥਾ ਮਤਾ ਗਿਆਨੀ ਸ਼ੇਰ ਸਿੰਘ ਦੀ ਗੈਰਹਾਜ਼ਰੀ ਕਾਰਨ, ਸਰਦਾਰ ਦਲੀਪ ਸਿੰਘ ਮੀਤ ਪ੍ਰਧਾਨ ਸਥਾਨਕ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਨੇ ਪੇਸ਼ ਕੀਤਾ ਸੀ ਜਿਸ ਦੇ ਸ਼ਬਦ ਸਨ : "ਇਹ ਕਾਨਫਰੰਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਜਥਿਆਂ ਤੇ ਦਰਖਾਸਤਾਂ ਤੇ ਦਰਖਾਸਤਾਂ ਕਰਨ ਵਾਲੇ ਸਜਣਾਂ ਦੀ ਸੇਵਾ ਵਿਚ ਬੇਨਤੀ ਕਰਦੀ ਹੈ ਕਿ ਗੁਰੂਘਰ ਵਿਚ ਏਕਤਾ ਵਧਾਣ ਲਈ ਅਤੇ ਮੁਕਦਮਿਆਂ ਦੇ ਝਮੇਲੇ ਤੋਂ ਛੁਟਕਾਰਾ ਪਾਣ ਲਈ ਇਤਿਹਾਸਕ ਗੁਰਦਵਾਰਿਆਂ ਤੋਂ ਛੁਟ ਹੋਰ ਸਭ ਡੇਰੇ ਤੇ ਧਰਮਸਾਲਾਂ ਆਦਿ ਦੇ ਝਗੜੇ ਜਿਨ੍ਹਾਂ ਦੀਆਂ ਦਰਖਾਸਤਾਂ ਦਫਾ ੭ ਗੁਰਦੁਆਰਾ ਐਕਟ ਹੇਠ ਦਿਤੀਆਂ ਹਨ, ਛੱਡ ਦਿਤੇ ਜਾਣ।"

ਇਸ ਮੌਕੇ ਕੀਤੀ ਆਪਣੀ ਸੰਖੇਪ ਤਕਰੀਰ ਵਿਚ ਦਲੀਪ ਸਿੰਘ ਨੇ ਇਹ ਸਵੀਕਾਰ ਕੀਤਾ ਸੀ ਕਿ "ਗੁਰਦਵਾਰਾ ਮੂਵਮੈਂਟ ਚਲਾਣ ਵਿਚ ਅਸਾਂ ਸਖਤ ਗਲਤੀ ਖਾਧੀ ਹੈ। ਗੁਰਦਵਾਰਿਆਂ ਅਤੇ ਇਹਨਾਂ ਦੀਆਂ ਜਾਇਦਾਦਾਂ ਤੇ ਸਾਡਾ ਜਾਤੀ ਕਬਜ਼ਾ ਕਰਨ ਦਾ ਕੋਈ ਖਿਆਲ ਨਹੀਂ ਸੀ। ਸਾਡਾ ਭਾਵ ਗੁਰਦਵਾਰਿਆਂ ਦਾ ਸੁਧਾਰ ਕਰਨਾ ਜ਼ਰੂਰ ਸੀ, ਪ੍ਰੰਤੂ ਕਦਮ ਜੋ ਅਸਾਂ ਉਠਾਇਆ ਇਹ ਗਲਤ ਸੀ। ਏਹ ਹੀ ਖਿਆਲ ਸ਼ੁਰੂ ਤੋਂ ਮਾਸਟਰ ਤਾਰਾ ਸਿੰਘ ਜੀ ਦਾ ਸੀ ਅਤੇ ਹੁਣ ਅਸੀਂ ਇਸੇ ਖਿਆਲ ਨੂੰ ਅਮਲੀ ਤੌਰ ਤੇ ਕਰ ਵਿਖਾਣ ਦਾ ਜਤਨ ਕਰ ਰਹੇ ਹਾਂ।"

ਇਸੇ ਗੁਰਮਤੇ ਦੀ ਪ੍ਰੋੜ੍ਹਤਾ ਵਿਚ ਬੋਲਦਿਆਂ ਭਾਈ ਮੋਹਨ ਸਿੰਘ ਵੈਦ ਜੀ ਨੇ ਦਸਿਆ ਸੀ ਕਿ ਗੁਰਦਵਾਰਿਆਂ ਦੇ ਮੁਕੱਦਮਿਆਂ ਤੇ ਸਿਰਫ ਚੌਦਾਂ ਕਰੋੜ ਰੁਪਏ ਦੇ ਸਰਕਾਰੀ ਕਾਗਜ਼ ਹੀ ਖਰਚ ਕੀਤੇ ਜਾ ਚੁਕੇ ਸਨ। "ਦੂਸਰੇ ਪਾਸੇ ਸਾਡੀ ਮਾਲੀ ਹਾਲਤ ਸਾਨੂੰ ਤਬਾਹ ਕਰ ਰਹੀ ਹੈ। ....... ਹੁਣ ਤਾਂ ਹਰੇਕ ਪੰਥ ਦਰਦੀ ਇਸ ਘਾਟੇ ਅਤੇ ਦੁਖ ਨੂੰ ਮਹਿਸੂਸ ਕਰ ਰਿਹਾ ਹੈ। ਇਹ ਮੁਕਦਮੇ ਹੀ ਹਨ ਜਿਨ੍ਹਾਂ ਦੇ ਸਬੱਬ ਕਰ ਕੇ ਪੰਥ ਦਰਦੀ ਆਪਸ ਵਿਚ ਵਿਛੜ ਰਹੇ ਹਨ। ਹੁਣ ਵੀ ਜੇ ਅਸੀਂ ਸੰਭਲ ਜਾਈਏ ਤਾਂ ਕਰੋੜਾਂ ਦਾ ਫਾਇਦਾ ਹੋ ਸਕਦਾ ਹੈ। ਸ਼੍ਰੋਮਣੀ ਕਮੇਟੀ ਦਾ ਹਰ ਮੈਂਬਰ ਇਸ ਗੱਲ ਨੂੰ ਮਹਿਸੂਸ ਕਰ ਰਿਹਾ ਹੈ ਕਿ ਇਹ ਮੁਕੱਦਮਿਆਂ ਦਾ ਸਿਲਸਿਲਾ ਦੁਖਦਾਈ ਹੈ ਅਰ ਏਹ ਬੰਦ ਹੋਣਾ ਚਾਹੀਦਾ ਹੈ।"

ਲਗਪਗ ਤੀਹ ਹਜ਼ਾਰ ਸਿਖਾਂ ਦੇ ਇਸ ਇਕੱਠ ਨੇ ਉਦਾਸੀ ਤੇ ਨਿਰਮਲ ਮਹਾਂਮੰਡਲਾਂ ਨੂੰ ਸਿਖ ਪੰਥ ਦੇ ਨੇੜੇ ਕਰਨ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ, ਪਰ ਜਾਇਦਾਦਾਂ ਦੇ ਮੁਕੱਦਮੇ ਛਡਣ ਦਾ ਬਚਨ ਪੂਰਾ ਨਾ ਹੋਣ ਕਾਰਨ ਉਨ੍ਹਾਂ ਦੇ ਖੁਸਣ ਦਾ ਭੈ ਮੁੜ ਪੈਦਾ ਹੋ ਗਿਆ ਜਿਸ ਕਾਰਨ ਉਨ੍ਹਾਂ ਫਿਰ ਪੰਥ ਤੋਂ ਦੂਰ ਰਹਿਣ ਵਿਚ ਹੀ ਆਪਣਾ ਭਲਾ ਸਮਝਣਾ ਸ਼ੁਰੂ ਕਰ ਦਿਤਾ। ਫਿਰ ਵੀ ਆਪਣੇ ਧਾਰਮਕ ਸਮਾਗਮਾਂ ਵਿਚ ਉਹ ਆਦਿ ਬਾਣੀ ਦਾ ਹੀ ਆਸਰਾ ਲੈਂਦੇ ਹਨ ਭਾਵੇਂ ਆਪਣੀ ਮਰਯਾਦਾ ਅਨੁਸਾਰ ਕੁਛ ਵਾਧੂ ਬਾਣੀਆਂ ਦਾ ਪਾਠ ਵੀ ਉਹ ਕਰਦੇ ਹਨ।

ਪ੍ਰਸਥਿਤੀਆਂ ਨੇ ਭਾਵੇਂ ਕਿੰਨੇ ਪਾਸੇ ਪਲਟੇ ਹਨ ਤੇ ਭਵਿਖ ਵਿਚ ਹੋਰ ਵੀ ਪਲਟੇ ਖਾ ਸਕਦੀਆਂ ਹਨ ਤਦ ਵੀ ਉਦਾਸੀ ਤੇ ਨਿਰਮਲੇ ਸੰਤਾਂ ਦੀ ਸਿਖ ਪੰਥ ਨੂੰ ਮਹਾਨ ਦੇਣ ਅੱਖੋਂ ਪਰੋਖੇ ਕਰਨੀ ਅਕ੍ਰਿਤਘਣਤਾ ਦੇ ਤੁਲ ਹੋਵੇਗੀ। ਘੱਟ ਗਿਣਤੀ ਆਯੋਗ ਦੇ ਮੁਖੀ ਸਰਦਾਰ ਤਰਲੋਚਨ ਸਿੰਘ ਦੀ, ਸ਼੍ਰੋਮਣੀ ਕਮੇਟੀ ਨੂੰ ਉਦਾਸੀ ਡੇਰੇ ਦੇ ਕਬਜ਼ੇ ਸੰਬੰਧੀ ਸਰਵੁੱਚ ਅਦਾਲਤ ਵਲੋਂ ਸੁਣਾਏ ਗਏ ਫੈਸਲੇ ਵਿਰੁਧ ਉਜ਼ਰਦਾਰੀ ਕਰਨ ਤੋਂ ਪ੍ਰਹੇਜ਼ ਕਰਨ ਦੀ, ਦਿਤੀ ਗਈ ਸਲਾਹ ਬਹੁਤ ਢੁਕਵੀਂ, ਸਮੇਂ ਅਨੁਕੂਲ ਤੇ ਪ੍ਰਸੰਸਾਯੋਗ ਹੈ।

*ਪਿੰਡ ਤੇ ਡਾਕ- ਸ਼ਾਹਪੁਰ*
*ਫਿਲੌਰ (ਜਲੰਧਰ)*

## ਮਾਤਾ ਲਾਭ ਕੌਰ ਨਮਿਤ ਮੇਲਾ

ਪੂਜਨੀਕ ਮਾਤਾ ਲਾਭ ਕੌਰ ਜੀ (ਸੁਪਤਨੀ ਸਵਰਗੀ ਸੰਤ ਕਰਤਾਰ ਸਿੰਘ ਲਾਲੇਪੁਰੀਏ) ੨੦ ਅਪ੍ਰੈਲ ੨੦੦੩ ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ। ਮਾਤਾ ਜੀ ਦੇ ਸਪੁੱਤਰ ਮਾਸਟਰ ਅਮਰੀਕ ਸਿੰਘ ਕਾਮਰੇਡ ਮਾਨ ਸਿੰਘ, ਜਥੇਦਾਰ ਸੁਦਰਸ਼ਨ ਸਿੰਘ ਸ. ਸੁਰਜੀਤ ਸਿੰਘ ਲਾਲੇਪੁਰੀਆ ਅਤੇ ਦਾਮਾਦ ਸ. ਸਵਰਨ ਸਿੰਘ ਭਿੰਡਰ ਸਮਾਜ ਦੇ ਪ੍ਰਸਿਧ ਨਾਮ ਹਨ। ਨਾਮਧਾਰੀ ਸਾਹਿਤ ਸੰਸਾਰ ਦੇ ਵੇਦ ਵਿਆਸ ਸ. ਸਵ. ਸੰਤ ਤਰਨ ਸਿੰਘ ਵਹਿਮੀ ਮਾਤਾ ਜੀ ਦੇ ਭਰਾ ਸਨ। ਮਾਤਾ ਜੀ ਨਮਿਤ ਪਾਠ ਦਾ ਭੋਗ ੨੮ ਅਪ੍ਰੈਲ ਨੂੰ ਪਿੰਡ ਨਵਾਂ ਲਾਲੇਪੁਰ, ਨਵਾਂ ਬਾਈਪਾਸ ਐਲਨਾਬਾਦ ਜ਼ਿਲਾ ਸਰਸਾ ਹਰਿਆਣਾ ਵਿੱਚ ਪਾਇਆ ਗਿਆ। ਇਸ ਅਵਸਰ ਤੇ ਬਹੁਤ ਭਾਰੀ ਇਕੱਠ ਹੋਇਆ। ਲਗਾਤਾਰ ਚਲੇ ਦੀਵਾਨ ਵਿੱਚ, ਪ੍ਰੀਤਮ ਸਿੰਘ ਬੈਂਜੋ ਮਾਸਟਰ, ਸੰਤ ਪ੍ਰੀਤਮ ਸਿੰਘ ਕਰੀਵਾਲਾ ਕਵੀਸ਼ਰ, ਸੰਤ ਇਕਬਾਲ ਸਿੰਘ ਅਮਰਾਸਰ ਅਤੇ ਕਸ਼ਮੀਰ ਸਿੰਘ ਦਾ ਕਵੀਸ਼ਰੀ ਜਥਾ, ਚੰਨ ਰਸੀਆ, ਸੁਬੇਗ ਸਿੰਘ ਗਾਇਕ, ਸ. ਕਰਨੈਲ ਸਿੰਘ ਅਸਪਾਲ ਦੇ ਗੀਤ, ਪੂਰਨ ਸਿੰਘ ਨਿਰਾਲਾ ਦੀ ਕਵਿਤਾ ਤੋਂ ਇਲਾਵਾ, ਸੰਤ ਜੁਗਿੰਦਰ ਸਿੰਘ ਮੁਕਤਾ ਅਤੇ ਜਥੇਦਾਰ ਗੁਰਬਚਨ ਸਿੰਘ ਵੀਰੋਕੇ ਦੇ ਹੱਲੇ ਦੇ ਦੀਵਾਨ ਸਜੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁਲਾ-ਸੰਤ ਗੁਰਲਾਲ ਸਿੰਘ ਅਤੇ ਅਜੈਪਾਲ ਸਿੰਘ ਦਾ ਰਸ ਭਿੰਨਾ ਮਨਮੋਹਕ ਕੀਰਤਨ ਹੋਇਆ ਅਤੇ ਪਾਠਾਂ ਦੇ ਭੋਗ ਪਾਏ ਗਏ। ਸ. ਭਗਵਾਨ ਸਿੰਘ ਚੱਠਾ ਨੇ ਵੀ ਵਿਚਾਰ ਪੇਸ਼ ਕੀਤੇ। ਕਾਮਰੇਡ ਸੁਵਰਨ ਸਿੰਘ ਵਿਰਕ ਨੇ ਸਾਰੇ ਪ੍ਰੋਗ੍ਰਾਮ ਨੂੰ ਵਿਓਂਤ ਕੇ ਨਿਭਾਇਆ ਅਤੇ ਮਾਤਾ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ। ਮਾਤਾ ਜੀ ਦੇ ਭਤੀਜੇ ਸ. ਸਾਧੂ ਸਿੰਘ ਕਿਸਾਨ, ਬਲੀ ਸਿੰਘ ਆਦਿਕ ਸਭ ਰਿਸ਼ਤੇਦਾਰਾਂ ਸਮੇਤ ਸ਼ਾਮਲ ਹੋਏ। ਪਰਿਵਾਰ ਵਲੋਂ ਸਭ ਦਾ ਆਦਰ ਮਾਣ ਸਤਿਕਾਰ ਅਤੇ ਧੰਨਵਾਦ ਕੀਤਾ ਗਿਆ।



Sri Satguru Jagjit Singh Ji eLibrary NamdhariElibrary@gmail.com

# ਉਸਤਾਦ ਰਹੀਮ ਬਖਸ਼ ਕਲਾਵੰਤ

—ਬਲਬੀਰ ਸਿੰਘ ਕੰਵਲ

ਸੰਗੀਤਕਾਰਾਂ ਜਾਂ ਸੰਗੀਤ ਰਸੀਆਂ 'ਚ ਜਦ ਕਦੇ ਵੀ 'ਮਾਰਵਾ' ਰਾਗ ਦੀ ਗੱਲ ਤੁਰਦੀ ਹੈ ਤਾਂ ਚਰਚਾ ਤੁਰਦੀ ਮੁੱਕਣ ਦਾ ਨਾਂ ਨਹੀਂ ਲੈਂਦੀ—ਅਖੇ ਬੜੇ ਗੁਲਾਮ ਅਲੀ ਖਾਂ ਨੇ ਬਹੁਤ ਅੱਛਾ ਗਾਇਆ।.... ਨਹੀਂ ਨਹੀਂ ਉਸਤਾਦ ਅਮੀਰ ਖਾਂ ਨੇ ਉਸ ਨਾਲੋਂ ਵੀ ਚੰਗਾ ਗਾਇਆ। ਬੜੇ ਗੁਲਾਮ ਅਲੀ ਖਾਂ ਦਾ ਗਾਇਆ ਗਿਆ, ਠੁਮਰੀ ਅੰਗ ਦੇ ਵਧੇਰੇ ਨੇੜੇ ਹੈ ਜਦ ਕਿ ਅਮੀਰ ਖਾਂ ਨੇ ਰਾਗ ਦਾ ਪਿੰਜਰ ਬੜੀ ਖੂਬਸੂਰਤੀ ਨਾਲ ਘੜਿਆ ਅਤੇ ਨਿਭਾਇਆ ਹੈ। ਤੰਤੀ ਵਜੰਤਰੀਆਂ ਵਿਚੋਂ ਨਿਖਲ ਬੈਨਰਜੀ ਨੇ ਵੀ ਅੱਛਾ ਵਜਾਇਆ ਹੈ, ਪਰ ਜ਼ਾਤੀ ਤੌਰ ਤੇ ਲੇਖਕ ਨੂੰ ਸਭ ਤੋਂ ਵੱਧ ਅੱਛਾ ਉਸਤਾਦ ਅਲੀ ਅਕਬਰ ਖਾਂ ਦਾ ਲਗਦਾ ਹੈ।

ਗੱਲ ਕੀ, ਇਹ ਵਿਸ਼ਾ ਹੀ ਕੁਝ ਇਸ ਤਰ੍ਹਾਂ ਦਾ ਹੈ ਕਿ ਜਿੰਨੇ ਮੂੰਹ ਉਨੀਆਂ ਗੱਲਾਂ। ਜਾਂ ਇੰਝ ਕਹਿ ਲਉ ਕਿ ਪਸੰਦ ਆਪਨੀ ਆਪਨੀ! ਪਰ ਜਿਥੋਂ ਤੱਕ ਵੱਡੇ ਗਾਇਕਾਂ ਦਾ ਸੰਬੰਧ ਹੈ, ਮੇਰੀ ਜਾਚੇ ਇਹ ਰਾਗ ਜੀਵਨ ਭਰ ਜੇਕਰ ਕਿਸੇ ਨੇ ਸਭ ਤੋਂ ਅੱਛਾ ਗਾਇਆ ਤਾਂ ਉਹ ਪੰਜਾਬ ਦੇ ਸੁਪ੍ਰਸਿੱਧ ਗਾਇਕ ਉਸਤਾਦ ਰਹੀਮ ਬਖਸ਼ ਕਲਾਵੰਤ ਨੇ ਹੀ। ਆਪ ਦੋਰਾਹੇ ਦੇ ਨੇੜੇ ਰਾਮਪੁਰ ਕਟਾਣੀ ਜ਼ਿਲ੍ਹਾ ਲੁਧਿਆਣਾ ਦੇ ਜੰਮਪਲ, ਉਸਤਾਦ ਊਧੋ ਖਾਂ ਦੇ ਸਪੁੱਤਰ ਸਨ। ਆਪ ਦਾ ਸਬੰਧ ਪੰਜਾਬ ਦੇ ਸੁਪ੍ਰਸਿੱਧ ਤਲਵੰਡੀ ਘਰਾਣੇ ਨਾਲ ਸੀ, ਜਿਹੜੇ ਖੰਡਾਰੀ ਬਾਨੀ ਗਾਉਂਦੇ ਸਨ।

ਅਸਥਾਈ— ਧੰਨ ਦਰ ਅਬਦੁਲ ਕਾਦਰ ਕੀ ਦਰਗਾਹ ਕੋ।<br>ਔਰ ਮਾਂਗੋ ਤਾਨ ਤਾਲ ਲਾਜ ਸ਼ਰਮ।<br>ਅੰਤਰਾ— ਕਲਯੁਗ ਮੇਂ ਆਊਂ, ਮਨ ਕੀ ਮੁਰਾਦ ਪਾਊਂ<br>ਮੌਲਾ ਦਾਦ ਕੇ ਪ੍ਰਭੂ ਰਹਿਤ ਸਦਾ ਅਨੰਦ।

ਜਦ ਵੀ ਉਹ ਇਸ ਬੰਦਸ਼ ਨੂੰ ਇਕ ਤਾਲ 'ਚ ਛੇੜਦਾ ਤਾਂ ਰਾਗ ਦੀ ਰੂਹ ਦੇ ਪ੍ਰਤੱਖ ਦਰਸ਼ਨ ਹੀ ਨਹੀਂ ਦਾਤੇ ਦੇ ਦਰਬਾਰ ਦੇ ਦੀਦਾਰੇ ਵੀ ਨਾਲ ਹੀ ਕਰਵਾ ਦਿੰਦਾ! ੧੯੨੯ ਦੇ ਨੇੜੇ ਦੀ ਗੱਲ ਹੈ। ਭੈਣੀ ਸਾਹਿਬ ਵਿਖੇ "ਨਾਮਧਾਰੀ ਮਹਾਂ ਵਿਦਿਆਲਾ" ਸਥਾਪਤ ਹੋ ਚੁੱਕਾ ਸੀ ਜਿਥੇ ਭਾਈ ਹਰਨਾਮ ਸਿੰਘ ਚਵਿੰਡਾ ਵਾਲਾ ਤੋਂ ਛੁੱਟ ਉਸਤਾਦ ਊਧੋ ਖਾਂ ਸਾਹਿਬ ਅਤੇ ਉਨ੍ਹਾਂ ਦੇ ਸਪੁਤੱਰ ਉਸਤਾਦ ਰਹੀਮ ਬਖਸ਼ ਵੀ ਉਸ ਵਿਚ ਸਿਖਿਆ ਦੇਣ ਲਈ ਨਿਯੁਕਤ ਕਰ ਦਿੱਤੇ ਗਏ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਨੇ ਆਪਣੀ ਮੁੱਢਲੀ ਸਿਖਿਆ ਇਨ੍ਹਾਂ ਮਹਾਨ ਗਾਇਕਾਂ ਤੋਂ ਹੀ ਪ੍ਰਾਪਤ ਕੀਤੀ ਸੀ। ਕਲਾ ਪਾਰਖੂ ਇਹ ਗੱਲ ਭਲੀ ਭਾਂਤ ਜਾਣਦੇ ਹਨ ਕਿ ਪ੍ਰਭੂ ਦੀ ਪ੍ਰਾਪਤੀ ਲਈ ਸੰਗੀਤ ਇਕ ਸਾਧਨ ਹੈ। ਰਾਗ ਜਦ ਵੀ ਆਪਣੀ ਪੂਰੀ ਮੁਰਾਦ ਨੂੰ ਪਹੁੰਚਦਾ, ਭੈਣੀ ਸਾਹਿਬ ਦਾ ਸਮੂਹ ਚੌਗਿਰਦਾ 'ਮਾਰਵੇ' ਦੀ ਸੁਗੰਧੀ ਨਾਲ ਮਹਿਕ ਉਠਦਾ। ਇਹ ਮਹਾਨ ਕਲਾਕਾਰ ਕਈ ਸਾਲ ਭੈਣੀ ਸਾਹਿਬ ਵਿਖੇ ਸੰਗੀਤ ਦੀ ਸੇਵਾ ਕਰਦਾ ਰਿਹਾ। ਕੁਦਰਤ ਨੇ ਉਸ ਨੂੰ ਦੋ ਪੁੱਤਰ ਅਤੇ ਦੋ ਧੀਆਂ ਦੀ ਦਾਤ ਨਾਲ ਨਿਵਾਜਿਆ ਹੋਇਆ ਸੀ।

੧੯੪੭ ਦਾ ਸਾਲ ਪੰਜਾਬੀ ਸਭਿਆਚਾਰ ਦੇ ਕਤਲ ਲਈ ਇਕ ਬੜਾ ਸੰਗੀਨ ਅਤੇ ਕਾਲਾ ਸਾਲ ਸੀ। ਰੱਬ ਜਾਣੇ ਉਦੋਂ ਕਿੰਨੇ ਕੁ ਬੇਦੋਸ਼ੇ ਲੋਕ ਧਰਮ ਦੀ ਆੜ ਹੇਠ ਕਤਲ ਕੀਤੇ ਗਏ। ਜਦੋਂ ਇਨਸਾਨ ਚੋਂ, ਇਨਸਾਨੀਅਤ ਮਨਫੀ ਹੋ ਜਾਏ ਤਾਂ ਫਿਰ ਏਹੋ ਕੁਝ ਹੀ ਹੁੰਦਾ ਹੈ।

ਦੱਸਿਆ ਜਾਂਦਾ ਹੈ ਕਿ ਰਹਿਮੇ (ਉਸ ਦੇ ਪੇਂਡੂ ਅਤੇ ਦੂਜੇ ਯਾਰ ਬੇਲੀ ਉਸ ਨੂੰ ਇਸ ਨਾਂ ਨਾਲ ਹੀ ਬੁਲਾਉਂਦੇ ਹੁੰਦੇ ਸਨ) ਦੀ ਸਾਰੀ ਔਲਾਦ ਹੀ ਬੜੀ ਸੁਸ਼ੀਲ ਅਤੇ ਸੁਨੱਖੀ ਸੀ। ਉਂਝ ਵੀ ਸੰਗੀਤ ਵਿਦਿਆ ਚੋਂ ਪੂਰਨ ਪ੍ਰਬੀਨ। ਉਸ ਦੀਆਂ ਧੀਆਂ ਤਾਂ ਜਹਾਨੋਂ ਬਾਹਰੀਆਂ ਸੋਹਣੀਆਂ ਸਨ। ਪਿੰਡ ਦੇ ਕੁਝ ਛੜੇ ਉਸ ਕੋਲ ਵੇਲੇ ਕੁਵੇਲੇ ਆ ਕੇ ਉਸ ਦੀਆਂ ਧੀਆਂ ਦੇ ਜਬਰੀ ਰਿਸ਼ਤੇ ਮੰਗ ਮੰਗ ਕੇ ਉਸ ਨੂੰ ਤੰਗ ਕਰਨ ਲਗ ਪਏ। ਖਾਹ ਮਖਾਹ ਐਵੇਂ,

"ਗੋਰਾ ਰੰਗ ਨਾ ਕਿਸੇ ਨੂੰ ਰੱਬ ਦੇਵੇ,<br>ਸਾਰਾ ਪਿੰਡ ਵੈਰ ਪੈ ਗਿਆ,"

ਵਰਗੀ ਗੱਲ ਹੋ ਗਈ। ਨਿੱਤ ਦਿਹਾੜੇ ਤੰਗ ਕਰਨ ਵਾਲਿਆਂ ਨੂੰ ਨਿਮਰਤਾ ਭਰਪੂਰ ਉਸ ਦਾ ਏਹੋ ਉੱਤਰ ਹੀ ਹੁੰਦਾ—'ਓ ਬਈ, ਮੈਨੂੰ ਇਨ੍ਹਾਂ ਦੇ ਰਿਸ਼ਤੇ ਦੇਣ 'ਚ ਕੀ ਇਨਕਾਰੀ ਹੋ ਸਕਦਾ, ਪਰ ਪਹਿਲਾਂ ਮੇਰੇ ਇਨ੍ਹਾਂ ਦੋਹਾਂ ਮੁੰਡਿਆਂ ਦਾ, ਜਿਹੜੇ ਕਿ ਉਮਰ 'ਚ ਵੀ ਵੱਡੇ ਹਨ, ਵੀ ਤਾਂ ਕੁਝ ਸੋਚੋ ਨਾ।"

ਇਸ ਉਪਰ ਕੁਝ ਜੱਟਾਂ ਨੂੰ ਉਸ ਉਤੇ ਗੁੱਸਾ ਆ ਗਿਆ ਅਤੇ ਦਿਲ ਵਿਚ ਮੈਲ ਰੱਖ ਕੇ ਇਕ ਦਿਨ ਕੋਈ ਅੱਜ ਪੱਜ ਪਾ ਕੇ ਰਹਿਮੇ ਨੂੰ ਉਹ ਬਾਹਰ ਖੇਤਾਂ ਵਿਚ ਲੈ ਗਏ ਅਤੇ ਉਸ ਨੂੰ ਬੇਦੋਸ਼ਾ ਕਤਲ ਕਰ ਦਿੱਤਾ। ਇਹ ਮੰਦਭਾਗੀ ਖਬਰ ਜਦੋਂ ਸਤਿਗੁਰ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਕੰਨੀਂ ਪਈ ਤਾਂ ਉਨ੍ਹਾਂ ਦੇ ਮੂੰਹੋਂ ਅਵਸੋਂ ਹੀ ਨਿਕਲ ਗਿਆ, "ਤੁਸੀਂ ਐਡੇ ਵੱਡੇ ਉਸਤਾਦ ਕਲਾਕਾਰ ਨੂੰ ਬੇਦੋਸ਼ਾ ਮਾਰਿਆ ਹੈ...ਵੇਖ ਲਿਓ.. ਹੁਣ ਤੁਹਾਡਾ ਵੀ ਕੱਖ ਨਹੀਂ ਜੇ ਰਹਿਣਾ।" ਮਹਾਰਾਜ ਪ੍ਰਤਾਪ ਸਿੰਘ ਜੀ ਬੜੇ ਪ੍ਰਤਾਪੀ ਵਿਅਕਤੀ ਸਨ। ਉਨ੍ਹਾਂ ਦੇ ਮੂੰਹੋਂ ਨਿਕਲੀ ਹੋਈ ਗੱਲ ਪੂਰੀ ਹੋ ਜਾਂਦੀ ਸੀ।

ਦੱਸਿਆ ਜਾਂਦਾ ਹੈ ਕਿ ਉਸੇ ਸਾਲ ਹੀ ਰਹਿਮੇ ਦੇ ਕਾਤਲ ਬਰਸਾਤ ਦੇ ਦਿਨੀਂ ਜਦੋਂ ਕਿਸੇ ਚੁਬਾਰੇ ਵਿਚ ਘੂਕ ਸੌਂ ਰਹੇ ਸਨ, ਤਾਂ ਉਨ੍ਹਾਂ ਦਾ ਸਾਰਾ ਕੋਠਾ ਧੜੱਮ ਕਰਦਾ ਥੱਲੇ ਡਿੱਗ ਪਿਆ ਅਤੇ ਉਹ ਸਾਰੇ ਦੇ ਸਾਰੇ ਹੀ ਥੱਲੇ ਮਾਰੇ ਗਏ। ਮਹਾਂਪੁਰਖਾਂ ਦੀ ਆਖੀ ਹੋਈ ਗੱਲ ਸਹੀ ਸਾਬਤ ਹੋਈ।

ਜਿਵੇਂ ਕਿ ਭਾਈ ਮਸਤਾਨ ਸਿੰਘ ਜੀ ਦੇ ਕਬਜ਼ੇ ਦਾ ਰਾਗ ਵਡਹੰਸ ਸੀ.... ਓਸੇ ਤਰਾਂ ਉਸਤਾਦ ਰਹੀਮ ਬਖਸ਼ ਦਾ 'ਮਾਰਵਾ' ਰਾਗ ਤੇ ਪੂਰਾ ਕਬਜ਼ਾ ਸੀ।

ਦੇਸ਼ ਦੇ ਵੰਡਾਰੇ ਪਿਛੋਂ ਕਈ ਵੱਡੇ ਉਸਤਾਦ ਲੋਕ ਇਹ ਗੱਲ ਕਰਦੇ ਕਈ ਵੇਰ ਸੁਣੇ ਗਏ—"ਪੰਜਾਬ ਵਿਚੋਂ ਮਾਰਵਾ ਤਾਂ ਰਹੀਮ ਬਖਸ਼ ਦੀ ਮੌਤ ਨਾਲ ਹੀ ਖਤਮ ਹੋ ਗਿਆ।"



Sri Satguru Jagjit Singh Ji eLibrary NamdhariElibrary@gmail.com

ਕਵਿਤਾ

## ਜੋਰੀ ਮੰਗੇ ਦਾਨ ਵੇ ਲਾਲੋ

(ਇਰਾਕ ਤੇ ਹੋਏ ਅਮਰੀਕੀ ਹਮਲੇ ਨੂੰ ਧਿਆਨ ਵਿੱਚ ਰੱਖਦਿਆਂ)

*—ਸ਼ਿਵਨਾਥ*

ਕਿਹੜੀ ਦੁਨੀਆਂ ਦੀ ਕਚਹਿਰੀ
ਕਿਸ ਅਦਾਲਤ ਦਾ ਨਿਆਂ
ਅੱਜ ਤਕ ਨਿਰਪੱਖ ਹੋ ਕੇ ਵਿਚਰਿਐ ?
ਅੱਜ ਤਕ ਹੋਇਆ ਨਹੀਂ,
ਕਿਹੜਾ ਉਲਾਰ ?
ਕਿਹੜਾ ਯੁਗ ਹੁੰਦਾ ਨਹੀਂ
ਇਤਿਹਾਸ ਅੱਗੇ ਸ਼ਰਮਸਾਰ ?

ਹਰ ਸਮੇਂ ਬਣਦਾ ਰਿਹੈ
ਡਭੂ ਖ਼੍ਵਾਜੇ ਦਾ ਗਵਾਹ
ਹਰ ਜਗ੍ਹਾ ਆਉਂਦੇ ਨੇ
ਦੋਸ਼ੀ ਦੇ ਬਚਾਅ ਖ਼ਾਤਰ ਵਕੀਲ

ਆਦਮੀ ਤਾਂ ਆਦਮੀ ਹੈ
ਦੇਵਤੇ ਵੀ ਹੈ ਨਹੀਂ
ਇਸ ਦੋਸ਼ ਤੋਂ ਸ਼ਾਇਦ ਬਰੀ
ਕਲ੍ਹ ਵਾਂਗੂੰ, ਅੱਜ ਵੀ ਹੈ
ਜ਼ਬਰਦਸਤੀ ਦਾ ਸ਼ਿਕਾਰ
ਅੱਜ ਵਾਂਗੂੰ ਕਲ੍ਹ ਵੀ, ਹੋਵੇਗਾ
ਸ਼ਾਇਦ ਸੋਗਵਾਰ

ਦੇ ਕੇ ਦੂਰ ਉਪਯੋਗ ਨੂੰ
ਉਪਕਾਰ ਜਿਹੇ ਦੀ ਸੰਗਿਆ
ਫੇਰ ਅੱਜ ਜੋਰਾਵਰਾਂ ਨੇ
ਦਾਨ ਜੋਰੀ ਮੰਗਿਆ।

*੧੨੫੭-C-LIG*
*ਫੇਜ਼-੧੦, ਮੁਹਾਲੀ-੧੬੦੦੬੨*

### ਔਖੀ ਘਾਟੀ

ਮਰ ਕੇ ਵੀ ਜੇ ਸਤਿਗੁਰ ਮਿਲਜੇ
ਮਰਨਾ ਸਮਝੋ ਰਾਸ ਹੈ ਉਹ,
ਸਤਿਗੁਰ ਦਾ ਇਹ ਤੋਹਫਾ ਸਮਝੋ
ਜੀਵਨ ਵਿਚੋਂ ਪਾਸ ਹੈ ਉਹ,
ਵਾਂਗ ਪਤੰਗੇ ਸ਼ਮਾ ਤੇ ਸੜਨਾ
ਪਰ ਇਹ ਔਖੀ ਘਾਟੀ ਏ
ਸੀਸ ਤਲੀ ਤੇ ਰਖ ਕੇ ਤੁਰਦੇ
ਸਤਿਗੁਰ ਦੇ, ਨਿਵਾਸ ਹੈ ਉਹ

*—ਕਰਨੈਲ ਸਿੰਘ ਅਸਪਾਲ*
*ਕਰੀਵਾਲਾ ਸਿਰਸਾ*

## ਮਾਫ਼ ਕਰਨਾ ਦੋਸਤੋ !

*—ਸ਼ਿਵਨਾਥ*

ਦਿਲ ਤਾਂ ਕਰਦਾ ਹੈ ਕਿ ਮੈਂ ਵੀ
ਪਿਆਰ ਦੇ ਕਿੱਸੇ ਲਿਖਾਂ
ਜ਼ੁਲਫ਼ ਨੂੰ ਕਾਲੀ ਘਟਾ
ਤੇ ਚੰਨ ਚਿਹਰੇ ਨੂੰ ਕਹਾਂ
ਤਿਤਲੀਆਂ ਵਾਂਗੂੰ ਲਵਾਂ
ਹਰ ਫੁੱਲ ਤੇ ਬਹਿ ਕੇ ਹੁਲਾਰੇ

ਪਰ ਜਦੋਂ ਸੁਣਦਾ ਹਾਂ ਮੈਂ
ਬੱਚਾ ਕਿਸੇ ਦਾ ਵਿਲਕਦਾ
ਜਾਂ ਕਿਤੇ ਰੁਲਦੀ ਏ ਐਵੇਂ ਹੀ
ਕਿਸੇ ਦੀ ਆਬਰੂ
ਤਾਂ ਅਚਾਨਕ ਆਉਣ ਲਗਦਾ ਹੈ,
ਭੁਚਾਲ!

ਉੱਤਰ ਜਾਂਦਾ ਹੈ ਪਲਾਂ ਅੰਦਰ ਹੀ
ਉਹ ਚੜ੍ਹਿਆ ਖ਼ੁਮਾਰ
ਜਿਸ 'ਚ ਬੰਦਾ ਉੱਡਣ ਲਗਦਾ ਹੈ
ਪਰਾਂ ਬਿਨ ਅੰਬਰੀਂ
ਜਿਸ 'ਚ ਆਉਂਦੀ ਹੈ ਮਨਾਂ ਵਿੱਚ
ਝੂਮ ਕੇ ਐਸੀ ਬਹਾਰ
ਜੋ ਸਾਧਾਰਨ ਆਦਮੀ ਨੂੰ ਮਾਨਣੀ
ਸੰਭਵ ਨਹੀਂ।

ਮਾਫ਼ ਕਰਨਾ ਦੋਸਤੋ!
ਮੈਂ ਵੀ ਤਾਂ ਇਕ ਇਨਸਾਨ ਹਾਂ
ਕਿਸ ਤਰ੍ਹਾਂ ਅੱਖਾਂ ਨੂੰ ਡੱਕਾਂ,
ਵੇਖਣੋਂ ?
ਕਿਸ ਤਰ੍ਹਾਂ ਕੰਨਾਂ ਨੂੰ ਆਖਾਂ,
ਨਾ ਸੁਣੋ ?
ਜੋ ਬੜੇ ਚਿਰ ਤੋਂ ਕਦੇ ਸੁੱਤੇ ਨਹੀਂ।

ਦਿਲ ਦੇ ਤੋ ਇਸ ਮਿਜ਼ਾਜ ਕਾ
ਪਰਵਦਿਗਾਰ ਦੇ
ਜੋ ਰੰਜ ਕੀ ਘੜੀ ਭੀ
ਖ਼ੁਸ਼ੀ ਮੇਂ ਗੁਜ਼ਾਰ ਦੇ

ਜ਼ੌਕ



Sri Satguru Jagjit Singh Ji eLibrary NamdhariElibrary@gmail.com

# ਕਾਵਿ-ਟੁਕੜੀਆਂ / ਆਦਲ ਦਿਆਲਪੁਰੀ

## ਲੇਖਕ

ਜਿੱਥੇ ਸਾਇੰਸ ਦੀ ਸੋਚ ਜਵਾਬ ਦੇਂਦੀ
ਉਥੋਂ ਸ਼ਾਇਰਾਂ ਦੇ ਸ਼ੁਰੂ ਖਿਆਲ ਹੁੰਦੇ
ਲਿਖਣ ਲੋਰੀਆਂ ਸਿਖਿਆ ਪੜ੍ਹਨ ਸੇਹਰੇ
ਸ਼ਾਦੀ ਗ਼ਮੀ ਅੰਦਰ ਭਾਈਵਾਲ ਹੁੰਦੇ
ਸਾਂਝ ਮਰਸੀਏ ਤੋੜੀ ਵੀ ਤੋੜਦੇ ਨਹੀਂ
ਹਿਰਦੇ ਸ਼ਾਇਰਾਂ ਦੇ ਬੜੇ ਵਿਸ਼ਾਲ ਹੁੰਦੇ
ਲੱਗੇ ਜੰਗ ਜਾਂ 'ਆਦਲਾ' ਅਮਨ ਹੋਵੇ
ਹਰ ਇੱਕ ਮੋਰਚੇ ਤੇ ਲੇਖਕ ਨਾਲ ਹੁੰਦੇ

## ਰੌਣਕਾਂ

ਮੇਹਰਬਾਨੀ ਸਾਇੰਸ ਦੀ ਕਮਾਲ ਕਲਾਕਾਰੀਆਂ ਦਾ
ਸ਼ਹਿਰਾਂ 'ਚ ਵੀਰਾਨੀਆਂ ਵਿਰਾਨਿਆਂ ਤੇ ਰੌਣਕਾਂ
ਡੌਰ ਭੌਰ ਹੋਇਆ ਇਨਸਾਫ ਸਾਫ ਦਿਸ ਰਿਹਾ
ਹਾਕਮਾਂ ਦੇ ਨਾਲੋਂ ਹਾਕਵਾਨਿਆਂ ਤੇ ਰੌਣਕਾਂ
ਧਰਮੀ ਧਰਮ ਵਿੱਚ ਸੁੱਕਕੇ ਤਵੀਤ ਹੋ ਗਏ
ਵੱਸਦੇ ਬਹਾਰੀਂ ਬੇ ਇਮਾਨਿਆਂ ਤੇ ਰੌਣਕਾਂ
ਰਿਸ਼ੀਆਂ ਦੀ ਧਰਤੀ ਤੇ 'ਆਦਲਾ' ਸਵੇਰ ਤੋਂ ਹੀ
ਮੰਦਰਾਂ ਤੋਂ ਵੱਧਕੇ ਮਹਿਖ਼ਾਨਿਆਂ ਤੇ ਰੌਣਕਾਂ।

## ਬੇ-ਕਸੂਰ

ਫ਼ਿਰ ਵੀ ਸ਼ੱਕ ਦਾ ਰਹੇ ਸ਼ਕਾਰ ਬਣਿਆ
ਭਾਵੇਂ ਡਾਕੀਆ ਡਾਕ ਪਹੁੰਚਾਏ ਡੇਹਲੀ
ਜੋ ਕੁਝ ਹੁੰਦਾ ਵਿਚਾਰਾ ਵਰਤਾ ਜਾਂਦਾ
ਪੱਤਰ ਲੱਭ ਕੇ ਕਿਥੋਂ ਲਿਆਏ ਡੇਹਲੀ
ਕਸਮ ਨਾਲ ਨਹੀਂ ਕੋਈ ਕਸੂਰ ਓਹਦਾ
ਦੁਨੀਆਂ ਐਵੇਂ ਹੀ ਤੋਹਮਤਾਂ ਲਾਏ ਡੇਹਲੀ
ਇੰਟਰਨੈੱਟ, ਦੇ 'ਆਦਲਾ' ਯੁੱਗ ਅੰਦਰ
ਕੇਹੜਾ ਚਿੱਠੀਆਂ ਲਿਖਕੇ ਪਾਏ ਡੇਹਲੀ।

## ਸਿੱਧਾ ਹਿਸਾਬ

ਰਿਸ਼ਵਤ ਖ਼ੋਰ ਨੂੰ ਰੱਜਵੀਂ ਚੋਗ ਪਾਵੀਂ
ਅੜੇ ਥੁੜੇ ਸਭ ਕੰਮ ਕਰਵਾਊ ਤੇਰੇ
ਜੇ ਤੂੰ ਰਿਹਾ ਸਿਫ਼ਾਰਸ਼ਾਂ ਮਗਰ ਫ਼ਿਰਦਾ
ਫੇਰੇ ਦਫਤਰਾਂ ਵਿੱਚ ਮਰਵਾਊ ਤੇਰੇ
ਸਦੀ ਇੱਕੀਵੀਂ ਸਿੱਧਾ ਹਿਸਾਬ ਕੀਤਾ
ਜੇ ਕੁਝ ਦੇਵੇਂਗਾ ਪੱਲੇ ਕੁਝ ਪਾਊ ਤੇਰੇ
'ਆਦਲ' ਕਮਲਿਆ ਕਮਲਿਆਂ ਵਾਂਗ ਐਵੇਂ
ਹੱਥ ਜੋੜਿਆਂ ਹੱਥ ਕੀ ਆਊ ਤੇਰੇ।

## ਡਾਲਡਾ

ਤੋਹਫਾ ਦਿੱਤਾ ਅੰਗਰੇਜ਼ਾਂ ਨੇ ਡਾਲਡੇ ਦਾ
ਹਰ ਇਹ ਭਾਰਤੀ ਏਹਦਾ ਸਨਮਾਨ ਕਰਦਾ
ਵਧੀਆ ਏਸਤੋਂ ਹੋਰ ਖੁਰਾਕ ਕੋਈ ਨਹੀਂ
ਇਹ ਵਿਟਾਮਿਨਾਂ ਦੀ ਪੰਡ ਪ੍ਰਦਾਨ ਕਰਦਾ
ਕੀਮਤ ਡਾਲਡੇ ਦੀ ਤਾਹੀਓਂ ਜਾਏ ਵੱਧਦੀ
ਇਸਤੇਮਾਲ ਇਸਨੂੰ ਹਰ ਇਨਸਾਨ ਕਰਦਾ
ਦੇਸੀ ਘੇਹ ਗਰੀਬਾਂ ਨੂੰ ਲੱਭਦਾ ਨਹੀਂ
ਤੇ ਅਮੀਰਾਂ ਨੂੰ ਉਂਜ ਨੁਕਸਾਨ ਕਰਦਾ

## ਸਾਰਸ ਰੋਗ

ਪੂਜਾ ਕਦੇ ਨਾ ਕਰਨ ਪਤੀਲੀਆਂ ਦੀ
ਜਿਨ੍ਹਾਂ ਸ਼ਹਿਰ ਅਜਮੇਰ ਦੀ ਦੇਗ਼ ਦੇਖੀ
ਕਰਦਾਂ ਚਾਕੂਆਂ ਨੂੰ ਉਹ ਕੀ ਸਮਝਦੇ ਨੇ
ਚਮਕਾਂ ਮਾਰਦੀ ਜਿਨ੍ਹਾਂ ਨੇ ਤੇਗ ਦੇਖੀ
ਕਰਦੇ ਹੈਨ ਮਖੌਲ ਟਟੈਹਣਿਆਂ ਨੂੰ
ਸ਼ਮ੍ਹਾਂ ਜਿਨ੍ਹਾਂ ਨੇ ਬੇ-ਦਰੇਗ ਦੇਖੀ
ਸਾਰਸ ਰੋਗ ਤੋਂ 'ਆਦਲਾ' ਡਰੀ ਜਾਵੇਂ
ਪੁੱਛ ਉਹਨਾਂ ਨੂੰ ਜਿਨ੍ਹਾਂ ਪਲੇਗ ਦੇਖੀ



Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ

*—ਆਦਲ ਦਿਆਲਪੁਰੀ*

ਅਮਨ ਹੋਣਾ ਚਾਹੀਦਾ ਈਮਾਨ ਹੋਣਾ ਚਾਹੀਦਾ,
ਬੰਦਾ ਤਾਂ ਬੰਦੇ ਵਾਸਤੇ ਵਰਦਾਨ ਹੋਣਾ ਚਾਹੀਦਾ।

ਧਾੜਾ ਕਿਸੇ ਦੇ ਹੱਕ ਤੇ ਮਾਰੇ ਨਾ ਕੋਈ ਆਦਮੀ,
ਹਰ ਬਸ਼ਰ ਹੀ ਇਖ਼ਲਾਕ ਦਾ ਧਨਵਾਨ ਹੋਣਾ ਚਾਹੀਦਾ

ਮਿੱਲਾਂ ਦਾ ਮਾਲਕ ਸੋਚਦਾ ਕੁਝ ਹੋਰ ਮਿਲਾਂ ਲਾ ਲਵਾਂ,
ਮੇਹਨਤਕਸ਼ਾਂ ਦੇ ਪੇਟ ਦਾ ਵੀ ਧਿਆਨ ਹੋਣਾ ਚਾਹੀਦਾ।

ਧੁੱਪਾਂ ਤੇ ਪਾਲੇ ਝੱਲਕੇ ਜੋ ਰਿਜਕ ਦੇਂਦਾ ਕੁੱਲ ਨੂੰ,
ਖੁਸ਼ਹਾਲ ਕਾਮਾ ਮਿਹਨਤੀ ਕ੍ਰਿਸਾਨ ਹੋਣਾ ਚਾਹੀਦਾ।

ਕਰਕੇ ਮਲਾਵਟ ਕਰਨ ਜੋ ਬਰਬਾਦ ਜਾਨਾਂ ਕੀਮਤੀ,
ਹਰ ਜਗ੍ਹਾ ਤੇ ਉਹਨਾਂ ਦਾ ਅਪਮਾਨ ਹੋਣਾ ਚਾਹੀਦਾ।

ਮਜ਼ਲੂਮ ਤੇ ਜ਼ੁਲਮ ਨਹੀਂ ਇਨਸਾਨੀਅਤ ਦਾ ਫ਼ਲਸਫ਼ਾ,
ਇਨਸਾਨ ਦਾ ਇਨਸਾਨ ਤੇ ਅਹਿਸਾਨ ਹੋਣਾ ਚਾਹੀਦਾ।

ਹੈ ਰਹਿਬਰਾਂ ਦਾ ਫਰਜ਼ ਕਿ ਰਾਹਾਂ 'ਚ ਰੱਖਣ ਰੌਸ਼ਨੀ,
ਇਹ ਚੌਧਰਾਂ ਦਾ ਰੋਜ਼ ਨਹੀਂ ਘਮਸਾਨ ਹੋਣਾ ਚਾਹੀਦਾ।

ਮਰਹਮ ਬਣਾਕੇ ਪਿਆਰ ਦੀ ਤਿੜਕੇ ਦਿਲਾਂ ਤੇ ਲਾ ਦਵੇ,
ਐਸਾ ਘਨੱਈਆ ਭਾਈ ਜਾਂ ਲੁਕਮਾਨ ਹੋਣਾ ਚਾਹੀਦਾ।

ਘਟ ਘਟ ਦੇ ਅੰਦਰ ਵੱਸਦਾ ਘੜ ਘੜ ਜੋ ਘੱਲਦਾ ਮੂਰਤਾਂ,
ਮਾਲਕ ਦੀ ਮਖ਼ਲੂਕਾਤ ਦਾ ਸਨਮਾਨ ਹੋਣਾ ਚਾਹੀਦਾ।

ਨ੍ਹਾਫ਼ੀਲ ਅਸਰਾਫੀਲ ਦੀ ਐਟਮ ਤੇ 'ਆਦਲ' ਕੂਕਦੀ,
ਮਨੁੱਖਤਾ ਦਾ ਬਾਗ਼ ਨਹੀਂ ਵੀਰਾਨ ਹੋਣਾ ਚਾਹੀਦਾ।

*ਪਿੰਡ ਦਿਆਲ ਪੁਰ (ਜਲੰਧਰ)-144803*


ਦਸ਼ਮੇਸ਼ ਮਿਊਜੀਕਲ ਕੰਪਨੀ ਦੀ ਪੇਸ਼ਕਸ਼

**ਨੂਰੀ ਮੁਖੜਾ**

*ਧਾਰਮਿਕ ਗੀਤਾਂ ਦੀ ਕੈਸਟ*

ਗਾਇਕ ਲੇਖਕ ਸੰਗੀਤਕਾਰ

**ਕਰਨੈਲ ਸਿੰਘ ਅਸਪਾਲ**

ਪਿੰਡ ਕਰੀਵਾਲਾ (ਸਿਰਸਾ)

ਫੋਨ ੨੭੪੬੨੫ (ਘਰ)


## .ਗ਼ਜ਼ਲ

*—ਅਮਰਜੀਤ ਸਿੰਘ ਸੰਧੂ*

ਜ਼ਮੀਰਾਂ ਨੂੰ ਕਹੋ ਨਿਕਲਣ ਜ਼ਰਾਂ ਉੱਤੇ ਕਫ਼ਨ ਲੈ ਕੇ।
ਨਹੀਂ ਇਉਂ ਸ਼ੋਭਦਾ ਕਿ ਤੁਰ ਪਵੋ ਮੁਰਦਾ ਨਗਨ ਲੈ ਕੇ।

ਅਸੀਂ ਅਕਸਰ ਕਿਸੇ ਨੂੰ ਮਿਲਣ ਜਾਂਦੇ ਹਾਂ, ਤਾਂ ਜਾਂਦੇ ਹਾਂ,
ਲਬਾਂ ਤੇ ਮਾਖਿਉਂ ਮਲ ਕੇ, ਤੇ ਦਿਲ ਅੰਦਰ ਜਲਨ ਲੈ ਕੇ।

ਨਜ਼ਰ ਦਾਤਰ ਜਿਹੀ, ਹਰ ਗੱਲ ਜੱਗ ਦੀ ਲੂਅ ਜਿਹੀ ਲੂਹਣੀ,
ਮੇਰੇ ਰੱਬਾ! ਲੁਕਾਂ ਮੈਂ ਕਿਸ ਜਗਾਹ ਦਿਲ ਦਾ ਚਮਨ ਲੈ ਕੇ ?

ਕਿਤੇ ਪੱਛਿਆ ਹੀ ਨਾ ਜਾਵੇ ਤੇਰਾ ਨਾਜ਼ੁਕ ਜਿਹਾ ਸੀਨਾ,
ਨਾ ਫਿਰ ਐ ਗੁਲ-ਬਦਨ! ਮੇਰੇ ਲਈ ਦਿਲ ਵਿੱਚ ਚੁਭਨ ਲੈ ਕੇ।

ਕਿਸੇ ਨੂੰ ਸਾੜਨੋਂ ਪਹਿਲਾਂ ਉਨ੍ਹੇ ਆਪੇ ਹੀ ਸੜ ਜਾਣੈਂ,
ਕਿ ਜੋ ਕਾਗਜ਼ ਦਾ ਪੁਤਲਾ ਫਿਰਦਾ ਏ ਹਥ ਵਿਚ ਅਗਨ ਲੈ ਕੇ।

ਜਿਦ੍ਹੀ ਇਕ ਝਲਕ ਵੇਖੀ ਸੀ, ਅਜੇ ਤਕ ਭਾਲ ਉਸ ਦੀ ਵਿਚ,
ਜੁਗੋ-ਜੁਗ ਭਟਕਦਾਂ ਮੈਂ ਝੋਲ ਵਿੱਚ ਜੰਮਣ-ਮਰਨ ਲੈ ਕੇ।

ਮੇਰੇ ਜਜ਼ਬੇ, ਮੇਰੀ ਕਵਿਤਾ, ਮੇਰੀ ਉਸਤਤ, ਮੇਰੀ ਨਿੰਦਾ,
ਕਿਵੇਂ ਜਾਵਾਂਗਾ ਮੈਂ ਦੁਨੀਆਂ ਤੋਂ ਐਨਾ ਖਲ-ਜਗਨ ਲੈ ਕੇ ?

ਇਹ ਕਾਲਖ਼-ਕੋਠੜੀ ਹੈ, ਇਸ 'ਚੋਂ ਕਾਲਖ਼ ਲਗ ਹੀ ਜਾਣੀ ਹੈ,
ਕਿਵੇਂ ਜਾਵੇਂਗਾ 'ਸੰਧੂ' ਜੱਗ 'ਚੋਂ ਕੋਰਾ ਬਦਨ ਲੈ ਕੇ ?

*੪੨੧-ਦਕੋਹਾ (ਜਲੰਧਰ)*

## ਕਾਫ਼ੀ / *ਅਜੈਬ ਸਿੰਘ*

ਮੈਂ ਭੀ ਅਮਲੀ ਤੇ ਮੇਰਾ ਪਿਆਰ ਭੀ ਅਮਲੀ
ਇਕ ਦੂਜੇ ਬਿਨ ਰਹਿ ਨਾ ਸਕੀਏ
ਜਿਉਂ ਬੁਲ੍ਹਾਂ ਬਿਨ ਵੰਜਲੀ

ਯਾਰੜਾ ਮੈਂਡਾ ਬਹੁੰ ਸਿਆਣਾ
ਮੈਂ ਵਿਤੋਂ ਵੱਧ ਕਮਲੀ
ਮੈਂ ਰੋਂਦੀ ਨੂੰ ਛੱਡ ਛੱਡ ਜਾਵੇ
ਮੋਢੇ ਰੱਖ ਰੱਖ ਕੰਬਲੀ

ਤਰਲੇ ਮਿਨਤਾਂ ਅਸਰ ਨਾ ਕਰਦੇ
ਆਖੇ ਮਾਰ ਨਾ ਯੱਬਲੀ
ਹੰਝੂ ਕੇਰਾਂ ਤਾਂ ਡਿਗ ਡਿਗ ਜਾਵੇ
ਮੀਂਹ ਬਰਸੇ ਬਿਨ ਬਦਲੀ
ਇਕ ਦੂਜੇ ਨੂੰ ਤੱਕ ਤੱਕ ਜੀਂਦੇ
ਹੋਸ਼ ਜਦੋਂ ਦੀ ਸੰਭਲੀ

ਮੈਂ ਭੀ ਅਮਲੀ ਤੇ ਮੇਰਾਂ ਯਾਰ ਭੀ ਅਮਲੀ
ਇਕ ਦੂਜੇ ਬਿਨ ਰਹਿਨਾ ਸਕੀਏ
ਜਿਉਂ ਬੁਲ੍ਹਾਂ ਬਿਨ ਵੰਜਲੀ

*ਅਸੀਸ ਦੀ ਮਾਲ*
*ਕਪੂਰਥਲਾ*




Sri Satguru Jagjit Singh Ji eLibrary NamdhariElibrary@gmail.com

# ਮਾਸਟਰ ਨਿਹਾਲ ਸਿੰਘ ਯਾਦਗਾਰੀ ਸਮਾਗਮ

ਪਿਛਲੇ ਦਿਨੀ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦੀ ਦੂਜੀ ਬਰਸੀ ਦਿੱਲੀ ਵਿੱਚ ਇਕ ਧਾਰਮਕ ਸਮਾਗਮ ਵਜੋਂ ਮਨਾਈ ਗਈ। ਇਸ ਵਿੱਚ ਮਾਸਟਰ ਜੀ ਦੀ ਯਾਦ ਵਿੱਤ ਕੀਰਤਨ ਅਤੇ ਨਾਮ ਸਿਮਰਨ ਕੀਤਾ ਗਿਆ। "ਸੱਚੇ ਪਾਤਸ਼ਾਹ" ਮਾਸਕ ਦਾ ਵਿਸ਼ੇਸ਼ ਅੰਕ ਰਿਲੀਜ਼ ਕੀਤਾ ਗਿਆ ਅਤੇ ਸ੍ਰ. ਤਾਰਾ ਸਿੰਘ ਅਨਜਾਣ ਨੂੰ ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ ਦਿੱਤਾ ਗਿਆ।

ਅੰਮ੍ਰਿਤ ਵੇਲੇ ਸ਼ੁਰੂ ਹੋਏ ਆਸਾ ਦੀ ਵਾਰ ਦੇ ਕੀਰਤਨ ਵਿੱਚ ਰਾਗੀ ਤ੍ਰਿਲੋਚਨ ਸਿੰਘ, ਜਰਨੈਲ ਸਿੰਘ ਆਦਿ ਨੇ ਰੰਗ ਬੰਨਿਆ। ਮਾਸਟਰ ਜੀ ਦੇ ਸ੍ਰੀ ਗੁਰੂ ਹਰੀ ਸਿੰਘ ਵਿਦਿਆਲੇ ਵੇਲੇ ਦੇ ਵਿਦਿਆਰਥੀ ਜਥੇਦਾਰ ਮਨਜੀਤ ਸਿੰਘ ਰਾਗੀ ਨੇ ਆਪਣੇ ਦੀਵਾਨ ਵਿੱਚ ਮਾਸਟਰ ਜੀ ਦੀ ਵਿਦਿਆਰਥੀਆਂ ਸੰਬੰਧੀ ਉਤਸ਼ਾਹਿਤ ਕਰਨ ਦੀ ਭਾਵਨਾ ਨੂੰ ਬੜੇ ਵਧੀਆ ਤਰੀਕੇ ਨਾਲ ਪੇਸ਼ ਕੀਤਾ। ਨੌਜਵਾਨ ਜਥੇਦਾਰ ਦਰਸ਼ਨ ਸਿੰਘ ਨੇ ਆਪਣੇ ਦੀਵਾਨ ਰਾਹੀਂ ਸਾਧ ਸੰਗਤ ਨੂੰ ਪ੍ਰਭਾਵਿਤ ਕੀਤਾ। ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀਆਂ ਦੀ ਸ਼ੈਲੀ ਵਿੱਚ ਦੋ ਸ਼ਬਦ ਗਾਇਨ ਕੀਤੇ। ਮਾਸਟਰ ਜੀ ਪ੍ਰਤੀ ਸ਼ਰਧਾਂਜਲੀ ਸੈਸ਼ਨ ਦੇ ਸਟੇਜ ਸਕੱਤਰ ਸ੍ਰ. ਜਸਵਿੰਦਰ ਸਿੰਘ ਐਮ.ਏ. ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਨ। ਪ੍ਰਿੰਸੀਪਲ ਅਜੀਤ ਸਿੰਘ ਚੀਮਾ ਨੇ ਮਾਸਟਰ ਜੀ ਨੂੰ ਸ਼ਰਧਾਂਜਲੀ ਦੇਂਦਿਆਂ ਆਖਿਆ ਕਿ ਉਹਨਾਂ ਨੇ ਸਾਨੂੰ ਸ੍ਰੀ ਸਤਿਗੁਰੂ ਜੀ ਨਿਕਟਤਾ ਦਾ ਨਿੱਘ ਮਾਨਣ ਜਾ ਰਾਹ ਪੱਧਰਾ ਕੀਤਾ ਅਤੇ ਮੇਰੇ ਵਰਗੇ ਕਈਆਂ ਦੀਆਂ ਪੱਗਾਂ ਸਿੱਧੀਆਂ ਕਰਾਈਆ। ਪ੍ਰੋ. ਸੁਖਬੀਰ ਸਿੰਘ ਗੁਲਾਟੀ ਨੇ ਮਾਸਟਰ ਜੀ ਬਾਰੇ ਲਿਖਤੀ ਪਰਚਾ ਪੜ੍ਹਿਆ ਜਿਸ ਵਿੱਚ ਉਹਨਾਂ ਨੂੰ ਪੂਰਨ ਗੁਰੂ ਸਿੱਖ ਦੇ ਰੂਪ ਵਿੱਚ ਉਜਾਗਰ ਕੀਤਾ। ਐਡਵੋਕੇਟ ਗੁਰਭੇਜ ਸਿੰਘ ਗੁਰਾਇਆ ਨੇ ਕਿਹਾ ਕਿ ਮਾਸਟਰ ਜੀ ਆਪ ਤਾਂ ਤਕਲੀਫ ਸਹਿ ਲੈਂਦੇ ਪਰ ਕਿਸੇ ਨੂੰ ਖੇਚਲ ਨਹੀਂ ਸਨ ਦੇਂਦੇ। ਉਹਨਾਂ ਜੀਵਨ ਨਗਰ ਇਲਾਕੇ ਦੇ ਕਈ ਵਿਅਕਤੀਆਂ ਦਾ ਜਿਕਰ ਕੀਤਾ ਜਿਹੜੇ ਵਿਦਿਆਲੇ ਵਿੱਚ ਮਾਸਟਰ ਜੀ ਨਾਲ ਕੰਮ ਕਰ ਚੁਕੇ ਸਨ ਜਾਂ ਉਹਨਾਂ ਦੇ ਵਿਦਿਆਰਥੀ ਰਹੇ ਸਨ। ਉਹਨਾਂ ਦੇ ਮਨ ਵਿੱਚ ਅੱਜ ਵੀ ਮਾਸਟਰ ਜੀ ਪ੍ਰਤੀ ਆਦਰ ਮਾਨ ਹੈ। ਗੁਰਾਇਆ ਨੇ ਇਹ ਵੀ ਦੱਸਿਆ ਕਿ ਜੀਵਨ ਨਗਰ ਇਲਾਕੇ ਦੇ ਨੌਜਵਾਨਾਂ ਨੂੰ ਸਾਹਿਤ ਰਚਨਾ ਦੀ ਚੇਟਕ ਲਾਉਣ ਵਾਲਿਆਂ ਵਿਚੋਂ ਮਾਸਟਰ ਜੀ ਦੀ ਅਹਿਮ ਭੂਮਿਕਾ ਸੀ। ਇੰਗਲੈਂਡ ਤੋਂ ਆਏ ਕੈਪਟਨ ਅਜੀਤ ਸਿੰਘ ਨੇ ਇਸ ਸਮਾਗਮ ਵਿਚ ਹਿੱਸਾ ਲੈਣਾ ਆਪਣੀ ਖੁਸ਼ਕਿਸਮਤੀ ਸਮਝੀ ਤੇ ਕਿਹਾ ਵਿਦੇਸ਼ਾਂ ਵਿਚ ਜਾਣ ਸਮੇਂ ਮਾਸਟਰ ਜੀ ਨੂੰ ਉਥੇ ਜ਼ਿਆਦਾ ਦੇਰ ਠਹਿਰਨ ਦਾ ਕੋਈ ਲਾਲਚ ਨਹੀਂ ਸੀ। ਸ. ਜਸਵਿੰਦਰ ਸਿੰਘ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਕਿਸੇ ਵੀ ਬੈਠਕ ਵਿਚ ਮਾਸਟਰ ਜੀ ਸ੍ਰੀ ਸਤਿਗੁਰੂ ਜੀ ਸੰਬੰਧੀ ਵਾਦ-ਵਿਵਾਦ ਵਿਚ ਸ਼ਾਮਲ ਨਹੀਂ ਸਨ ਹੁੰਦੇ। ਉਹ ਮਹੱਤਵਪੂਰਨ ਖਰੜਿਆਂ ਦੇ ਪੜ੍ਹਨ ਸਮੇਂ ਕਿਸੇ ਮਤਭੇਦ ਵਿਚ ਨਹੀਂ ਸਨ ਪੈਂਦੇ। ਸ. ਤਾਰਾ ਸਿੰਘ ਅਨਜਾਣ ਨੇ ਮਾਸਟਰ ਜੀ ਦੀ ਸਾਹਿਤਕ ਘਾਲਣਾ ਤੇ ਚਾਨਣਾ ਪਾਇਆ। ਉਹਨਾਂ ਕਿਹਾ ਕਿ ਮਾਸਟਰ ਜੀ ਦੀਆਂ ਮੁਢਲੀਆਂ ਰਚਨਾਵਾਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਲਿਖੀ ਜਾਣ ਵਾਲੀ ਪਾਠ-ਸਮੱਗਰੀ ਅਤੇ ਬਾਲ ਸਾਹਿਤ ਦਾ ਹਿੱਸਾ ਸਨ। ਮਾਸਟਰ ਜੀ ਨੇ ਸਤਿਗੁਰੂ ਰਾਮ ਸਿੰਘ, ਸਤਿਗੁਰ ਹਰੀ ਸਿੰਘ, ਸਤਿਗੁਰੂ ਪਰਤਾਪ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਬੜੀਆਂ ਸ਼ਰਧਾ ਭਰਪੂਰ ਸੱਚੀਆਂ ਸਾਖੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖੀਆਂ। ਸੀਤਲਤਾ ਦੇ ਸ੍ਰੋਤ ਮਾਸਟਰ ਜੀ ਦੀ ਉੱਚ ਕੋਟੀ ਦੀ ਸਾਹਿਤ ਰਚਨਾ ਹੈ। ਸੰਤ ਸੇਵਾ ਸਿੰਘ ਫਨ ਐਂਡ ਫੂਡ ਵਿਲੇਜ ਵਾਲਿਆਂ ਮਾਸਟਰ ਜੀ ਨਾਲ ਸੱਤ ਦਹਾਕੇ ਪੁਰਾਣੀ ਸਾਂਝ ਵਿਚੋਂ ਕੁਝ ਘਟਨਾਵਾਂ ਸੁਣਾਈਆਂ। ਸੰਤ ਗੁਰਦਿਆਲ ਸਿੰਘ ਜੀ ਨੇ ਮਾਸਟਰ ਜੀ ਦੀ ਨਿਮਰਤਾ ਬਾਰੇ ਦੱਸਿਆ।

ਮਾਸਟਰ ਜੀ ਯਾਦਗਾਰੀ ਸਮਾਗਮ ਦੀ ਸ਼ਾਨ ਵਧਾਉਣ ਲਈ ਉਚੇਚੇ ਤੌਰ ਤੇ ਆਏ ਪੰਜਾਬ ਪ੍ਰਦੇਸ ਕਾਂਗਰਸ ਅਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਸਰਦਾਰ ਹਰਵਿੰਦਰ ਸਿੰਘ ਹੰਸ ਪਾਲ ਨੇ ਮਾਸਟਰ ਜੀ ਨੂੰ ਸ੍ਰੀ ਸਤਿਗੁਰੂ ਜੀ ਦੇ ਨਿਰਮਾਣ ਤੇ ਸ਼ਰਧਾਵਾਨ ਸਿੱਖ ਦੇ ਰੂਪ ਵਿਚ ਪੇਸ਼ ਕੀਤਾ। ਹੰਸਪਾਲ ਜੀ ਨੇ ਮਾਸਟਰ ਜੀ ਬਾਰੇ ਸਿਮ੍ਰਤੀ ਗ੍ਰੰਥ ਛਾਪਣ ਦੀ ਯੋਜਨਾ ਬਾਰੇ ਸਾਧ ਸੰਗਤ ਨੂੰ ਦੱਸਿਆ। ਮਾਸਟਰ ਜੀ ਵਿਦਿਆਲੇ ਦੇ ਮੁੱਖ ਅਧਿਆਪਕ ਰਹੇ। ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਰਹੇ। ਨਾਮਧਾਰੀ ਦਰਬਾਰ ਦੇ ਪ੍ਰਧਾਨ ਰਹੇ ਉਹਨਾਂ ਨੂੰ ਪੰਥ ਰਤਨ ਦਾ ਮਾਣ ਮਿਲਿਆ ਜਾਂ ਸਤਿਜੁਗ ਦੇ ਪ੍ਰਿੰਟਰ, ਪਬਲਿਸ਼ਰ ਦੇ ਸੇਵਾ ਮਿਲੀ। ਉਹ ਕਦੀ ਮਾਣ ਵਿਚ ਨਹੀਂ ਆਏ। ਉਹਨਾਂ ਸਾਰਿਆਂ ਨੂੰ ਉਤਸ਼ਾਹਿਤ ਕੀਤਾ।

ਹੰਸਪਾਲ ਜੀ ਨੇ ਸਰਦਾਰ ਸੁਰਜੀਤ ਸਿੰਘ ਦੇ ਸੰਪਾਦਿਤ 'ਸੱਚੇ ਪਾਤਸ਼ਾਹ' ਮਾਸਕ ਪੱਤਰ ਅੰਕ ਰਿਲੀਜ਼ ਕੀਤਾ। ਇਸ ਅੰਕ ਵਿਚ ਮਾਸਟਰ ਜੀ ਬਾਰੇ ਯਾਦਗਾਰੀ ਲੇਖ, ਕਵਿਤਾਵਾਂ ਉਹਨਾਂ ਦੀਆਂ ਰਚਨਾਵਾਂ ਦੇ ਨਮੂਨੇ ਅਤੇ ਤਸਵੀਰਾਂ ਰਾਹੀਂ ਮਾਸਟਰ ਜੀ ਦੇ ਚਰਿੱਤਰ ਨੂੰ ਉਜਾਗਰ ਕੀਤਾ ਗਿਆ।

ਹੰਸਪਾਲ ਜੀ ਅਤੇ ਸੂਬਾ ਸੁਖਦੇਵ ਸਿੰਘ ਦੁਆਰਾ ਮਾਸਟਰ ਜੀ ਯਾਦਗਾਰੀ ਸਨਮਾਨ ਦੋ ਦਰਜਨ ਦੇ ਕਰੀਬ ਪੁਸਤਕਾਂ ਦੇ ਲੇਖਕ ਤੇ ਸੰਪਾਦਕ, ਦਿੱਲੀ ਵਿਚ ਅਧਿਆਪਨ ਸੇਵਾ ਵਿਚ ਲੱਗੇ ਹੋਏ। ਸ. ਤਾਰਾ ਸਿੰਘ ਅਨਜਾਣ ਜੀ ਨੂੰ ਦਿੱਤਾ ਗਿਆ।

ਮਾਸਟਰ ਜੀ ਦੇ ਸਪੁੱਤਰਾਂ ਸੰਤ ਮਨਮੋਹਨ ਸਿੰਘ ਤੇ ਸ. ਚਰੰਜੀਤ ਸਿੰਘ ਨੇ ਆਈ ਸਾਧ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪ ਜੀ ਵਲੋਂ ਦਿੱਤੇ ਸਹਿਯੋਗ ਦਾ ਕੋਈ ਮੁੱਲ ਤਾਰਿਆ ਨਹੀਂ ਜਾ ਸਕਦਾ। ਹੰਸ ਪਾਲ ਜੀ ਨੇ ਸਾਡੇ ਤੇ ਉਚੇਚੀ ਕਿਰਪਾ ਕੀਤੀ ਹੈ ਜੋ ਆਪਣੇ ਬੜੇ ਰੁਝੇਵੇਂ ਭਰੇ ਸਮੇਂ ਵਿਚੋਂ ਸਮਾਂ ਕੱਢਕੇ ਉਚੇਚੇ ਤੌਰ ਤੇ ਪੰਜਾਬ ਤੋਂ ਏਥੇ ਪਧਾਰੇ ਹਨ।

*ਜਸਪਾਲ ਕੌਰ*



Sri Satguru Jagjit Singh Ji eLibrary NamdhariElibrary@gmail.com

੧੬

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

# ਵਾਈਟ ਅਸਟ੍ਰੇਲੀਆ

—ਦਲਬੀਰ ਸਿੰਘ ਤਰਸ

ਅਨੰਤ ਕਾਲ ਪਹਿਲਾਂ, ਕਰਤੇ ਦੇ ਇਸ ਅਥਾਹ ਬ੍ਰਿਹਮੰਡ ਵਿੱਚ ਭਾਰਤ, ਦੱਖਣੀ ਅਮਰੀਕਾ, ਅਫ਼ਰੀਕਾ, ਅਸਟ੍ਰੇਲੀਆ ਆਦਿ ਵਡ-ਧਰਤਾਂ ਬਣਿਆ ਇਕ ਪਰਮ ਮਹਾਂਦੀਪ ਹੋਇਆ ਕਰਦਾ ਸੀ। ਅੰਗ੍ਰੇਜ਼ੀ ਸਮਾਜ ਵਿੱਚ ਜਿਸ ਨੂੰ Gwandan Land ਆਖਿਆ ਜਾਂਦਾ ਹੈ।

ਇਹ ਮਹਾਂਦੀਪ ਜਿਸ ਦੀ ਕਹਾਣੀ ਮੈਂ ਆਖਣ ਦੀ ਹਿੰਮਤ ਕਰ ਰਿਹਾ—ਨਿਊਗਿਨੀ ਤਸਮੈਨੀਆਂ, ਅਸਟ੍ਰੇਲੀਆ ਹਿੰਦ ਮਹਾਂਸਾਗਰ ਅਤੇ ਸ਼ਾਂਤ ਮਹਾਂਸਾਗਰ (Indian and Pasific Ocean) ਦੀਆਂ ਮਹਾਨ ਲਹਿਰਾਂ ਵਿੱਚ ਲਿਪਟਿਆ ਦੁਨੀਆਂ ਦੇ ਦਖਣੀ ਭਾਗ ਵਿੱਚ ਭਾਰਤ ਤੋਂ ਕੋਈ ੧੬੦੦੦ ਕਿ. ਮੀ. ਦੀ ਵਿੱਥ ਤੇ ਦੁਨੀਆ ਦੀਆਂ ਸਾਰੀਆਂ ਕੌਮਾਂ ਸੰਗ ਸਮਾਈ, ਅੱਜ ਦੇ ਵਿਸ਼ਵ ਵਿੱਚ ਆਪਣੀ ਥਾਂ ਬਣਾਉਣ ਲਈ ਪੂਰਾ ਤਤਪਰ, ਪਾਣੀ ਦੇ ਉਤਾਰ ਕਾਰਨ, ਇਸੇ ਪਰਮ ਮਹਾਂ ਦੀਪ ਤੋਂ ਨਿਖੜਿਆ ਇਕ ਅੰਗ ਹੈ।

ਗਿਣਤੀ ਦੇ ਤਕਰੀਬਨ ੧੦,੦੦੦ ਬਰਸ ਪਹਿਲੋਂ, ਨਿਊਗਿਨੀ, ਅਸਟ੍ਰੇਲੀਆ ਤੇ ਤਸਮੈਨੀਆਂ ਇਕ ਸਨ, ਜੋ ਬ੍ਰਿਹਮੰਡ ਵਿੱਚ ਵਿਆਪਕ ਤਬਦੀਲੀਆਂ ਕਾਰਨ ਪਾਣੀ ਦੀ ਚੜ੍ਹਤ ਨੇ ਨਖੇੜ ਦਿੱਤੇ।

ਜੰਗਲੀ ਜਾਨਵਰ ਤੇ ਫੁਲਹਿਰੇ ਰੁਖ ਇਸ ਦੀ ਅਫਰੀਕਾ ਨਾਲ ਪੂਰੀ ਏਕਤਾ ਸਿਧ ਕਰਦੇ ਹਨ। ਭਾਰਤ ਦੀਆਂ ਗੁਟਾਰਾਂ ਇਥੇ ਸਿਡਨੀ ਵਿੱਚ ਆਮ ਹਨ।

ਖੋਜੀਆਂ ਦੀ ਕਥਨੀ ਅਨੁਸਾਰ ਇਕ ਲੱਖ ਬਰਸ ਪਹਿਲੋਂ ਇਥੋਂ ਦੇ ਮੂਲ ਵਾਸੀ ਅਫਰੀਕਾ ਤੋਂ ਆਏ ਸਨ। The first settlers must be one of the oldest civilisation in the world, keeping in mind that the first human migration (from Africa) began first 100,000 years ago (Australian History)

ਕੈਪਟਨ ਕੁਕ (ਵਿਰਤਾਂਤ ਅਗੇ ਆਏਗਾ) ਦੀ ਆਪਣੀ ਕਥਨੀ ਅਨੁਸਾਰ ਮੁਤਾਬਕ-ਤਕਰੀਬਨ ਸੱਠ ਹਜ਼ਾਰ ਬਰਸ ਪਹਿਲੋਂ ਦੋ ਗਰੁਪ Aborignal's ਆਦਿ ਮੂਲ ਵਾਸੀਆਂ ਦੇ ਅਸਟ੍ਰੇਲੀਅਨ ਮੇਨ ਲੈਂਡ ਤੇ ਆਏ। ਇਕ ਕਬੀਲਾ ਦਖਣੀ ਤਸਮੈਨੀਆ ਵਲੋਂ ਦੂਸਰਾ ਉਤਰੀ ਨਿਊ ਗਿਨੀ ਵਲੋਂ

ਦੋਵਾਂ ਕਬੀਲਿਆਂ ਦਾ ਆਪੋ ਆਪਣਾ ਸਮਾਜ ਤੇ ਆਪੋ ਆਪਣੇ ਇਲਾਕੇ ਸਨ। ਆਪਣੇ ਨੇੜਲੇ ਕਬੀਲੇ ਚੋਂ ਇਸਤਰੀ ਨਹੀਂ ਸੀ ਵਰਤਦੇ ਤੇ ਇਕ ਮਨੁੱਖ ਕਈ ਇਸਤਰੀਆਂ ਰਖਣ ਦਾ ਅਧਿਕਾਰੀ ਸੀ।

ਆਪਣੇ ਧਰਮ ਵਿੱਚ ਬੜੇ ਪੱਕੇ। ਧਰਤੀ ਮਾਤਾ ਦੀ ਪੂਜਾ ਕਰਦੇ। ਉਪਾਸ਼ਕਾ ਨੂੰ ਪਹੁਲ ਭੀ ਧਰਤੀ ਦੀ ਹੀ ਦਿੱਤੀ ਜਾਂਦੀ ਬੜੇ ਭਾਰੇ ਇਕੱਠ ਵਿਚ ਪਹੁਲੀਏ ਰੱਜ ਕੇ ਧਰਤੀ ਤੇ ਨਚਦੇ ਤੇ ਆਪਣੇ ਸਾਰੇ ਸਰੀਰ ਨੂੰ ਧੂੜ ਦੀ ਰੰਗਤ ਚਾੜ੍ਹਦੇ।

ਹਰ ਗਰੋਹ ਦਾ ਸਭ ਚੋਂ ਆਯੂ-ਵਡੇਰਾ ਮਨੁੱਖ ਹੀ ਪਰਮ ਮੰਨਿਆ ਜਾਂਦਾ ਤੇ ਉਸੇ ਦੀ ਆਗਿਆ ਦਾ ਪਾਲਣ ਹੁੰਦਾ। ਨਗਨ ਰਹਿੰਦੇ ਪਰ ਪਰਾਈ ਇਸਤਰੀ ਤੇ ਨਿਗਾਹ ਕਰਦਿਆਂ, ਦੋਸ਼ੀ ਆਪਣੇ ਸਰਦਾਰ ਵਲੋਂ ਸਜ਼ਾ ਦਾ ਹਕਦਾਰ ਹੁੰਦਾ। ਸਾਰੀ ਸਮਾਜਕ ਜ਼ੁੰਮੇਵਾਰੀ ਬਜ਼ੁਰਗ ਹੱਥ ਤੇ ਕੁੰਨਬੇ ਦਾ ਹਰ ਵਿਅਕਤੀ ਆਪਣੇ ਕੰਮ ਵਿੱਚ ਮਸਰੂਫ ਰਹਿੰਦਾ। ਆਦਮੀ ਸ਼ਿਕਾਰ ਤੇ ਰਹਿੰਦੇ ਤੇ ਇਸਤਰੀਆਂ ਪੌਂਦੇ ਤੇ ਜਲ-ਜੀਵ ਆਪਣੀ ਤੇ ਪਰੀਵਾਰ ਦੀ ਖ਼ੁਰਾਕ ਲਈ ਇਕੱਤਰ ਕਰਦੀਆਂ।

ਵਾਧੂ ਤੇ ਗੈਰਜ਼ਰੂਰੀ ਵਸਤੂ ਕਦੇ ਨ ਬਣਾਂਦੇ। ਹਲਕੇ ਫੁਲ ਰਹਿੰਦੇ। ਮੁਹ ਵਸ ਕਿਸੇ ਵਸਤੂ ਨਾਲ ਆਪਾ ਨਾ ਜਕੜਦੇ। ਸਿਰਫ਼ ਸਰੀਰ ਹੁੰਦਾ ਜਿਧਰ ਚੌਂਹੁੰਦੇ ਲੈ ਤੁਰਦੇ ਕੋਈ ਮਾਨਸਕ ਬੋਝ ਨਹੀਂ ਕਬੂਲਦੇ।

ਅਮਰ ਆਤਮਾ ਦਾ ਵਿਸ਼ਵਾਸ ਉਨ੍ਹਾਂ ਨੂੰ ਸਦਾ ਬਲਵਾਨ ਬਣਾਈ ਰਖਦਾ ਤੇ ਮੌਤ ਨੂੰ ਤੁਛ ਸਮਝ ਕੇ ਉਹ ਸਦੀਵ ਪ੍ਰਭੂ ਦੇ ਰੰਗ ਵਿੱਚ ਰੰਗੇ ਰਹਿੰਦੇ।

ਸਿਰਫ਼ ਖੁਰਾਕ ਲਈ ਸ਼ਿਕਾਰ ਕਰਦੇ ਤੇ ਸ਼ਿਕਾਰ ਲਈ ਸਦਾ ਸੰਗ ਡਿੰਗੋ (ਇੱਕ ਕੁੱਤੇ ਦੀ ਕਿਸਮ) ਰਖਦੇ। ਨੇਜਾ ਤੇ ਵੋਮੇਰਾ (a holder which in effect double the length of throwing arm) ਦੋ ਕੀਮਤੀ ਹਥਿਆਰ ਜਿਨ੍ਹਾਂ ਦੀ ਮਾਰ ਤੀਰ ਕਮਾਨ ਤੋਂ ਕਿਤੇ ਵੱਧ ਹੁੰਦੀ। ਤੀਸਰਾ return boomerang ਜੰਤਰ ਜੋ ਇਕ ਵੇਰ ਛਡਿਆ, ਛਡਣ ਵਾਲੇ ਪਾਸ ਚਕਰ ਘੁਮ ਕੇ ਆ ਜਾਵੇ ਜਾਨਵਰਾਂ ਨੂੰ ਇਕਤਰ ਕਰਨ ਵਿੱਚ ਸਹਾਇਤਾ ਕਰਦਾ।

ਸਾਰੀਆਂ ਲੋੜਾਂ ਕੁਦਰਤ ਪਾਸੋਂ ਪੂਰੀਆਂ ਕਰਦੇ—ਲਕੜੀ ਦੀ ਸੋਟੀ, ਦਰਖਤਾਂ ਦੀ ਛਿਲ, ਜਾਨਵਰਾਂ ਦੀ ਚਮੜੀ, ਪਥਰ ਦੇ ਟੁਕੜੇ, ਦਰਖਤਾਂ ਦੇ ਪਤ ਉਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰਦੇ।

ਮੁਰਦੇ ਦਾ ਸਸਕਾਰ ਕਿਸੇ ਸੁੱਕੇ ਦਰਖ਼ਤ ਦੇ ਤਣੇ ਵਿੱਚ ਕਰਦੇ। ਮੁਰਦੇ ਦਾ ਨਾਮ ਗੁਪਤ ਰਖਦੇ ਤੇ ਇਸਤਰੀਆਂ ਵਿਛੜੇ ਦੇ ਵਿਰਲਾਪ ਵਿੱਚ ਆਪਣੀਆਂ ਛਾਤੀਆਂ ਨੋਚ ਤਕ ਸੁਟਦੀਆਂ।

ਉਨ੍ਹਾਂ ਦਾ ਆਪਣਾ ਨਾਚ, ਗਾਣਾ ਤੇ ਸੰਗੀਤ ਜੰਤਰ ਅਕਹਿ ਦਿਲਕਸ਼ ਹਨ ਜੋ ਅੱਜ ਕੱਲ੍ਹ ਭੀ ਦੇਖਣ ਵਿੱਚ ਆਉਂਦੇ ਹਨ। Circular Quay ਜਿਥੇ ਫ਼ਿਲਿਪ (ਅਗੇ ਵਿਸਥਾਰ) ਦਾ ਪਹਿਲਾ ਬੇੜਿਆਂ ਦਾ ਗਰੋਹ ਆਇਆ, ਅਤੱ ਸੁੰਦਰ ਪੋਰਟ ਤੇ ਇਨ੍ਹਾਂ ਦਾ ਸੰਗੀਤ ਮਗਨ ਨਾਚ ਕਈ ਵੇਰ ਦੇਖਿਆ ਹੈ। ਕੁਦਰਤ ਤੇ ਭੂਮੀ ਦੇ ਹਰ ਵਿਸ਼ੇ ਵਿੱਚ ਉਨ੍ਹਾਂ ਦਾ ਅਸਚਰਜਤ ਗਿਆਨ, ਅੱਜ ਦੇ ਮਨੁੱਖ ਲਈ ਉਨ੍ਹਾਂ ਦੀ ਔਲਕਿਕਤਾ ਸਿਧ ਕਰਦਾ ਹੈ।

ਸਰੀਰਕ ਤੇ ਮਾਨਸਕ ਵਿਕਾਸ ਲਈ ਜਦੋਂ ਭੀ ਇਨ੍ਹਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਅਵਸਰ ਮਿਲਿਆ, ਨਾ ਸਿਰਫ ਇਨ੍ਹਾਂ ਆਪਣੇ ਆਪ ਨੂੰ ਯੋਗ ਸਿਧ ਹੀ ਕੀਤਾ, ਸਗੋਂ ਸੰਸਾਰ ਦੇ ਸਨਮਾਨਤ ਵਿਅਕਤੀਆਂ ਵਿਚੋਂ ਕੁਝ ਸਾਬਤ ਹੋਏ।

ਆਦਿ ਮੂਲ ਵਾਸੀਆਂ ਨੇ ਕਦੇ ਸਪਨਾ ਵੀ ਨਹੀਂ ਸੀ ਲਿਆ ਕਿ ਕਿਤੇ ਬਾਹਰੋਂ ਆਈ ਬਲਾ ਨਾਲ ਭੀ ਉਨ੍ਹਾਂ ਨੂੰ ਨਿਬੜਨਾ ਪਵੇਗਾ ਤੇ ਨਾ ਕਦੇ ਪਸਾਰੇ ਦੀ ਇਛਾ ਹੀ ਉਨ੍ਹਾਂ ਅੰਦਰ ਪਰਗਟੀ।

੧੪੦੦-੧੭੫੦ ਤਕ ਯੌਰਪ ਦੀ ਭੁਖੀ ਤੇ ਪਸਾਰਵਾਦੀ ਰੀਝ ਨੇ ਆਪਣੇ ਸਮੁੰਦਰੀ ਬੇੜਿਆਂ ਰਾਹੀਂ ਇਹ ਜਾਣ ਲਿਆ ਕਿ "ਮਹਾਨ ਦਖਣੀ ਧਰਤ" ਦਾ ਵਜੂਦ ਪਰਤੱਖ ਹੈ। ਇਸ ਦਾ ਨਾਮ ਇਨ੍ਹਾਂ Terra Australis Incognita ਰੱਖਿਆ। ਪੰਦਰਵੀ ਸਦੀ ਵਿੱਚ ਪੁਰਤਗੇਜ਼ੀ ਟਰੇਡਰ ਟੀਮੋਰ, ਨਿਊ ਗਿਨੀ ਆਏ ਸੰਭਵ ਹੈ ਉਨ੍ਹਾਂ ਦੀ ਨਿਗਾਹ ਇਸ ਮਹਾ ਦੀਪ ਤੇ ਪਈ ਹੋਵੇ ਪਰ ਇਸ ਦਾ ਕੋਈ ਰਿਕਾਰਡ ਨਹੀਂ ਮਿਲਦਾ।

ਸਤਾਰਵੀਂ ਸਦੀ ਵਿੱਚ ਡੱਚਾਂ ਦੀਆਂ ਕਈ ਫੇਰੀਆਂ ਇਥੇ ਲਗੀਆਂ ਤੇ Terra, Australia incognita ਨੂੰ ਨਿਊਹਾਲੈਂਡ ਬਣਾ ਦਿਤਾ ਗਿਆ।

ਇਨ੍ਹਾਂ ਪਰਾਈਵੇਟ ਬੇੜਿਆਂ ਤੇ ਟਰੇਡ ਕੰਪਨੀਆਂ ਨੇ ਡੱਚ ਸਰਕਾਰ ਨੂੰ ਇਸ ਨਿਊਹਾਲੈਂਡ ਬਾਬਤ ਚੋਣ ਲਈ ਮਜਬੂਰ ਕੀਤਾ। ੧੬੪੨ ਵਿੱਚ Aliel Janzoon Tasman ਨੂੰ ਅਸਟ੍ਰੇਲੀਅਨ ਕੋਸਟ ਲਾਈਨ ਘੋਖਣ ਲਈ ਭੇਜਿਆ ਗਿਆ। ਉਹ ਪਛਮੀ ਅਸਟ੍ਰੇਲੀਏ ਅਪੜਿਆ ਤੇ ਉਥੋਂ ਉਤਰ ਵਲ ਨੂੰ ਵਧਿਆ ਪਰ ਜ਼ੋਰ ਦਾ ਪਵਨ ਵੇਗ ਉਸ ਨੂੰ ਤਸਮੈਨੀਆ ਤਕ ਲੈ ਗਿਆ। ਲਗਦੇ ਤਸਮਾਨੀਆ ਉਸੇ ਦੇ ਨਾਂ ਤੋਂ ਪਰਸਿਧ ਹੋਇਆ।

ਬਹੁਤੇ ਡੱਚ ਬੇੜਿਆਂ ਆਪਣੀ ਸਰਕਾਰ ਨੂੰ ਇਕ ਰਿਪੋਰਟ ਰਾਹੀਂ ਸੂਚਤ ਕੀਤਾ ਕਿ ਇਹ ਬਦਮਾਸ਼ ਬੰਦਿਆਂ ਤੇ ਸਮੁੰਦਰੀ ਤਟਾਂ ਦੀ ਧਰਤੀ ਹੈ ਜਿਥੇ ਫਲਾਂ ਦੇ ਬਿਰਖ ਨਹੀਂ ਹਨ। Land of wretched naked beach comber and wicked men, without any fruit tree and showing no promis (Aust 200)

ਇਸ ਤੋਂ ਚਾਰ ਪੰਜ ਦਹਾਕੇ ਬਾਦ ੧੬੮੮ ਵਿਚ ਇਕ ਇੰਗਲਿਸ਼ ਲੁਟੇਰਾ ਵਿਲੀਅਮ ਡੈਪੀਅਰ ਅਸਟ੍ਰੇਲੀਆ ਦੇ ਪਛਮੀ ਤਟ ਤੇ ਜਾ ਪੁੱਜਾ। ਬੇੜੇ ਸਮੇਤ ਉਥੇ ਉਸਨੂੰ ਕਈ ਹਫਤੇ ਰੁਕਣਾ ਪਿਆ। ਵਾਪਸ ਪਰਤ ਉਸਦੀਆਂ ਲਿਖਤਾਂ ੧੬੯੭ ਵਿੱਚ Flova Fona ਅਸਟ੍ਰੇਲੀਆ ਬਾਬਤ ਪਰਕਾਸ਼ਤ ਹੋਈਆਂ।

੧੭੬੫ ਤੋਂ ਬਾਦ ਬ੍ਰਿਟਿਸ਼ ਜਲ ਸੈਨਾਪਤੀ ਨੇ ਮੈਮਐਲ ਵੈਲੀਨ ਨੂੰ ਦਖਣੀ ਜਜ਼ੀਰਿਆਂ ਵਲ ਭੇਜਿਆ ਤੇ ਉਹ ਇਕ ਸੁੰਦਰ ਸਵਰਗ Tahiti ਨੂੰ ਭਾਲਣ ਵਿੱਚ ਸਫਲ ਹੋਇਆ।

ਅੱਜ ਤਕ ਦੀ ਪਰਾਪਤ ਜਾਣਕਾਰੀ ਤੇ ਖੋਜ ਨੇ ਇੰਗਲੈਂਡ ਦੇ ਸ਼ਾਸਕ ਕਿੰਗ ਜੋਰਜ ਤੀਜੇ ਦੀ ਸਰਕਾਰ ਦੀਆਂ ਲਲਚਾਈ ਨਜ਼ਰਾਂ ਵਿੱਚ ਰੰਗ ਭਰ ਦਿੱਤਾ ਤੇ ਉਹ ਆਪਣੀ ਭੁਖ ਤਰਿਪਤਾਵਣ ਤੇ ਇਸ ਨਿੱਕੇ ਜਿਹੇ ਇੰਗਲੈਂਡ ਦਾ ਹੋਰ ਪਸਾਰਾ ਕਰਨ ਦੀਆਂ ਸਕੀਮਾਂ ਸੋਚਣ ਲਗੀ।

ਝੱਟ ਸਰਕਾਰ ਦੀ ਨਜ਼ਰ, ਆਪਣੀ ਨੇਵੀ ਵਿੱਚ ਇਕ ੪੦ ਸਾਲਾਂ ਤਜਰਬੇ ਭਰਪੂਰ ਸ਼ਾਨਦਾਰ ਮਲਾਹ, ਸਮੁੰਦਰੀ ਖੋਜੀ ਤੇ ਪਈ ਜੋ ਆਪਣੇ ਅਧੀਨ ਪ੍ਰਕ੍ਰਿਤੀ ਵਿਗਿਆਨੀ, ਬਨਸਪਤੀ ਵਿਗਿਆਨੀ, ਤਾਰਾ ਵਿਗਿਆਨੀ ਅਤੇ ਸਮੁੰਦਰੀ ਅਫਸਰਾਂ Naturalist Botanist, Astronomer, officers Sea Men ਤੇ ਨੌਕਰਾਂ ਆਦਿ ਦੀ ਪੂਰੀ ਅਗਵਾਈ ਕਰ ਸਕਦਾ ਸੀ। ੩੬੪ ਟਨ ਦਾ Endeavour (ਜਹਾਜ਼ ਦਾ ਨਾਮ) ਦੇ ਜਿਸ ਅਧੀਨ ੯੪ ਪੁਰਖਾਂ ਦੀ ਦੇਖ ਰੇਖ ਸੀ, ਕਪਤਾਨ ਜੇਮਜ਼ ਕੁੱਕ ਨੂੰ ਅਖਤਾਰੀ ਦੇ ਕੇ ੨੫ ਅਗਸਤ ੧੭੬੮ ਨੂੰ ਸਾਊਥ ਪੈਸਫਿਕ ਦੀ ਚੀਰ ਫਾੜ ਕਰਨ ਲਈ ਭੇਜ ਦਿੱਤਾ।

ਕੇਪ ਆਫ ਗੁੱਡ ਹੋਪ ਤੋਂ ਹੁੰਦਿਆਂ ਉਸ ਨੂੰ ਤਹੇਤੀ ਤੱਕ ਪੁਜਣ ਲਈ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਹਫਤਾ ਭਰ ਆਰਾਮ ਤੋਂ ਬਾਅਦ ੧੭੬੯ ਦੇ ਅਖੀਰ ਤਕ ਕੁੱਕ ਨਿਊਜ਼ੀਲੈਂਡ ਤਸਮੈਨੀਆ ਤਕ ਪੁਜਣ ਵਿੱਚ ਸਫਲ ਹੋ ਗਿਆ। ਥੋੜੇ ਆਰਾਮ ਬਾਦ ਸਾਥੀਆਂ ਦੇ ਪੂਰੇ ਸਹਿਯੋਗ ਨਾਲ ਕੇਪ ਆਫ ਫੇਅਰਵੈਲ ਤੋਂ ਚਲ ਕੇ ਪੂਰੇ ਛੇ ਮਹੀਨੇ ਬਾਦ ਅਸਟ੍ਰੇਲੀਅਨ ਕੋਸਟ Pt. Hick (after Leftinent Hick who sighted) ਤੇ ੨੦ ਅਪ੍ਰੈਲ ੧੭੭੦ ਨੂੰ ਜਾ ਪੁਜਾ (ਇਹ ਨਾਮ ਲੈਫ਼ ਹਿੱਕ ਨਾਂ ਉੱਤੇ ਪਿਆ ਜਿਸ ਨੇ ਇਹ ਥਾਂ ਪਹਿਲਾਂ ਵੇਖੀ ਸੀ) ਤੇ ਇਸ ਤੋਂ ਨੌਂ ਦਿਨ ਬਾਦ ਉਹ ਯੋਗ ਅਸਥਾਨ ਦੇਖ ੨੯ ਅਪ੍ਰੈਲ ੧੭੭੦ ਨੂੰ ਬੌਟਨੀ ਬੇਅ ਲੈਂਡ ਹੋ ਗਿਆ।

ਆਪਣੇ ਸਾਰੇ ਵਿਗਿਆਨੀਆਂ ਤੇ ਸਾਥੀਆਂ ਦੇ ਸਹਿਯੋਗ ਨਾਲ ਇਥੇ ਹੀ ਇਕ ਰਸਮ ਰਾਹੀਂ, ਉਸ ਬ੍ਰਿਟਿਸ਼ ਝੰਡਾ ਗੱਡ ਕੇ ਇਸ ਨਿਊ ਹਾਲੈਂਡ ਨੂੰ ਬ੍ਰਿਟਿਸ਼ ਇਲਾਕਾ ਕਰਾਰ ਦਿਤਾ। ਇਸ ਦਾ ਨਵਾਂ ਨਾਂ ਨਿਊ ਵੇਲਸ ਰੱਖਿਆ ਜੋ ਬਾਦ ਵਿਚ ਨਿਊ ਸਾਊਥ ਵੇਲਜ਼ ਪਰਚਲਤ ਹੋਇਆ।

ਬੌਟਨੀ ਬੇਅ ਤੋਂ ਕੈਪਟਨ ਕੁਕ ਉਤਰ ਵਲ ਨੂੰ ਤੱਟ ਦੇ ਨਾਲੋ ਨਾਲ ਅੱਗੇ ਚਲ ਤੁਰਿਆ ਅੱਗੇ ਚਲ ਉਸ ਨੂੰ ਇੰਡੇਵਰ ਰਿਵਰ ਰਪੇਅਰ ਵਾਸਤੇ ਕਈ ਹਫਤੇ ਠਹਿਰਨਾ ਪਿਆ। ਇਹ ਅਸਥਾਨ ਅਜ ਕਲ ਕੁੱਕ ਟਾਊਨ ਨਾਮ ਨਾਲ ਜਾਣਿਆਂ ਜਾਂਦਾ ਹੈ। ਆਸਟ੍ਰੇਲੀਅਨ ਤੱਟ ਨੂੰ ਅਲਵਿਦਾ ਆਖਣ ਤੋਂ ਪਹਿਲਾਂ ਉਹ ਇਕ ਨਿੱਕੇ ਜਜ਼ੀਰੇ Possession Island ਤੇ ਰੁਕਿਆ ਕੈਪਟਨ ਜੇਮਜ਼ ਕੁੱਕ ੧੩ ਜੁਲਾਈ ੧੭੭੧ ਨੂੰ ਤਕਰੀਬਨ ਤਿੰਨ ਸਾਲਾਂ ਬਾਦ ਇੰਗਲੈਂਡ ਪੁੱਜ ਗਿਆ।

ਕੈਪਨ ਕੁੱਕ ਦਾ ਸਾਰਾ ਸਮੁੰਦਰੀ ਸਫ਼ਰ ਸਰਕਾਰੀ ਹਦਾਇਤਾਂ ਅਧੀਨ ਸੀ ਉਸ ਦੀ ਰਿਪੋਰਟ ਸਰਕਾਰ ਲਈ ਉਹ ਥਿਊਰੀ ਸੀ ਜਿਸ ਨੂੰ ਅਮਲੀ ਜਾਮਾਂ ਦੇਣ ਲਈ ਸਰਕਾਰ ਯੋਗ ਵਿਅਕਤੀ ਦੀ ਭਾਲ ਵਿਚ ਜੁਟ ਗਈ।

ਕਈ ਸਾਲਾਂ ਦੀ ਛਾਣ-ਬੀਣ ਤੋਂ ਬਾਦ ਲਾਰਡ ਸਿਡਨੀ ਜੋ ਉਸ ਵੇਲੇ ਬ੍ਰਿਟਿਸ਼ ਸਰਕਾਰ ਵਿਚ ਨੌ ਆਬਾਦੀ ਵਿਭਾਗ



Sri Satguru Jagjit Singh Ji eLibrary NamdhariElibrary@gmail.com

ਦਾ ਇਨਚਾਰਜ ਸੀ, ਦੀ ਨਜ਼ਰ ਇਕ ਨੇਵੀ ਅਫ਼ਸਰ ਫਿਲਪ ਤੇ ਪਈ ਜਿਸ ਨੇ ਪੁਰਤਗੇਜ਼ੀ ਤੇ ਅੰਗੇਜ਼ੀ ਨੇਵੀ ਵਿਚ ਸੇਵਾ ਕੀਤੀ ਸੀ।

ਅਮਰੀਕਾ ਦੀ ਜੰਗੇ ਆਜ਼ਾਦੀ ਤੋਂ ਬਾਦ ਬ੍ਰਿਟਿਸ਼ ਦੀ ਸਾਰੀ ਸੇਧ ਇਸ ਨਵੀਂ ਕੌਲੋਨੀ ਨਿਊ ਸਾਊਥ ਵੇਲਜ਼ ਨੂੰ ਉਸਰਾਉਣ ਵਿਚ ਜੁਟ ਗਈ। ਜਿਸ ਦਾ ਨਿਰਮਾਣ ਕੈਪਟਨ ਕੁੱਕ ਕਰ ਆਇਆ ਸੀ।

ਗਿਆਰਾਂ ਜਹਾਜ਼ਾਂ ਦਾ ਇਕ ਬੇੜਾ ਤਿਆਰ ਕਰ ਕੇ ਕੈਪਟਨ ਆਰਥਰ ਫ਼ਿਲਿਪ ਦੀ ਸਰਦਾਰੀ ਤਹਿਤ ੧੭੮੬ ਦੇ ਅਖੀਰ ਵਿਚ ਨਿਊ ਸਾਊਥ ਵੇਲਜ਼ ਵੱਲ ਨੂੰ ਰਵਾਨਾ ਕਰ ਦਿੱਤਾ ਗਿਆ।

ਤਕਰੀਬਨ ੧੩੫੦ ਤੀਵੀਆਂ ਮਰਦ ਬੱਚੇ ਆਦ। ਸਾਰੇ ਜ਼ਹਾਜ਼ਾਂ ਦੇ ਡੈਕ ਚੜੀਆਘਰ ਬਣਾਏ ਗਏ। Cape of good Hope ਤੋਂ ਹੋਰ ਲਦਾਈ, ਪਸ਼ੂਆਂ ਤੇ ਫ਼ਾਰਮਾਂ ਵਿਚ ਕੰਮ ਆਉਂਦੇ ਜਾਨਵਰਾਂ ਦੀ ਕੀਤੀ ਗਈ। ੧੩੫੦ ਤੀਵੀਆਂ, ਮਰਦਾਂ ਵਿਚ ਤਕਰੀਬਨ ੮੦੦ ਕੈਦੀ ਦਸੀਦੇ ਹਨ।

ਨਿਊ ਸਾਊਥ ਵੇਲਜ਼ ਪਹੁੰਚ ਕੈਪਟਨ ਫਿਲਿਪ ਨੇ, ਬੌਟਨੀ ਬੇਅ ਨੂੰ ਨਾਪਸੰਦ ਕਰ ਕੇ, ਕੁਝ ਮੀਲ ਦੱਖਣ ਵੱਲ ਵਧ ਕੇ, ਸਾਰਾ ਫ਼ਲੀਟ ਇਸ ਪਰੋਟ ਜੈਸਮਨ ਤੇ ਲੈਂਡ ਕਰਵਾ ਦਿੱਤਾ। ਇਸੇ ਬੰਦਰਗਾਹ ਤੇ ਉਸ ਰਿਹਾਇਸ਼ ਉਲੀਕ ਦਿੱਤੀ। ਇਸੇ ਰਿਹਾਇਸ਼ ਉਸਾਰੀ ਦਾ ਨਾਮ ਅੱਜ ਸਿਡਨੀ ਹੈ।

ਇਸੇ ਦੌਰਾਨ ਦੋ ਫਰਾਂਸ ਦੇ ਜਲ ਬਾਜ ਬੌਟਨੀ ਬੇਅ ਤੇ ਆਪਣਾ ਤਹਿਤ ਜਮਾਉਣ ਖ਼ਾਤਰ ਆਏ ਦਿਖਾਈ ਦਿੱਤੇ ਪਰੰਤੂ ਉਹ ਜਲਦੀ ਹੀ ਜਲ ਵਿਚ ਅਲੋਪ ਹੋ ਗਏ( ਉਨ੍ਹਾਂ ਦਾ ਅੰਤ ਮਨ ਲਿਆ ਗਿਆ) ਇੱਕ ਨਿੱਕੀ ਜਹੀ ਪੋਰਟ ਉਨ੍ਹਾਂ ਦੀ ਯਾਦ ਵਿਚ ਅੱਜ ਭੀ ਹੈ।

੨੬ ਜਨਵਰੀ ੧੭੮੮ ਨੂੰ ਸਿਡਨੀ ਤੇ ਝੰਡਾ ਲਹਿਰਾ ਕੇ ਕੈਪਟਨ ਫਿਲਿਪ ਬੜੀ ਫੁਰਤੀ ਨਾਲ ਉਸਾਰੀ ਵਿਚ ਜੁਟ ਗਿਆ ਤੇ ਜੁਲਾਈ ਤਕ ਸਿਡਨੀ ਨੇ ਇਕ ਨਿੱਕੇ ਜਹੇ ਕਸਬੇ ਦਾ ਰੂਪ ਧਾਰਨ ਕਰ ਗਿਆ। ਇਸੇ ਦੌਰਾਨ ਇਕ ਜੱਜ ਐਡਵੋਕੇਟ ਡੇਵਿਡ ਕੌਲਿਨ ਇਕ ਪਾਰਟੀ ਸਮੇਤ ਇੰਗਲੈਂਡ ਤੋਂ ਪੁੱਜਿਆ ਜਿਸ ਆਉਂਦਿਆਂ ਕਿੰਗ ਜਾਰਜ ਦਾ ਹੁਕਮ ਪੜ੍ਹ ਸੁਣਾਇਆ ਤੇ ਸਰਕਾਰੀ ਪਧਰ ਤੇ ਪਹਿਲੀ ਗੌਰਮਿੰਟ ਅਸਟ੍ਰੇਲਆ ਦੀ ਨਿਊ ਸਾਊਥ ਵੇਲਜ਼ ਵਿਚ ਸਥਾਪਤ ਕੀਤੀ ਗਈ। ਤਸ ਮੈਨੀਆਂ ਤੇ N.S.W. ਦੀ ਹੱਦ ਪਾਰ ਤੱਕ ਦੀ ਅੰਦਰਲੀ ਜ਼ਮੀਨ ਨੂੰ ਕੈਪਟਨ ਫਿਲਿਪ ਦੀ ਅਧੀਨਗੀ ਵਿਚ ਕਰ ਦਿੱਤਾ ਗਿਆ। ਇਹ ਅਸਟ੍ਰੇਲੀਆ ਦੀ ਪਹਿਲੀ ਸਰਕਾਰ ਸੀ ਤੇ ਕੈਪਟਨ ਫ਼ਿਲਿਪ ਅਸਟ੍ਰੇਲੀਆ ਦਾ ਪਹਿਲਾ ਗਵਰਨਰ ਜਨਰਲ।

ਅੰਗਰੇਜ਼ ਸਿਪਾਹੀਆਂ ਅਤੇ ਨਾਲ ਆਏ ਕੈਦੀਆਂ ਨੇ ਸਥਾਨਕ ਮੂਲ ਵਾਸੀਆਂ ਨੂੰ ਖ਼ਤਮ ਕਰਨ ਦਾ ਪੂਰਾ ਟਿੱਲ ਲਾਇਆ। ਉਹ ਆਗਿਆ ਨਾਲ ਜਾਂ ਬਗੈਰ ਆਗਿਆ ਦੇ ਕੈਂਪ ਦੀ ਹੱਦ ਤੋਂ ਬਾਹਰ ਜਾ ਕੇ ਮੂਲ ਵਸਨੀਕਾਂ ਤੇ ਹਮਲੇ ਕਰਕੇ, ਉਹਨਾਂ ਦੀਆਂ ਔਰਤਾਂ ਦੀ ਬੇਪਤੀ ਕਰਦੇ। ਨਵੇਂ ਆਬਾਦਕਾਰ ਮੂਲ ਵਾਸੀਆਂ ਤੋਂ ਮੁਕਤ ਹੋਣਾ ਚਾਹੁੰਦੇ ਸਨ। ਉਹਨਾਂ ਨਾਲ ਦੋਸਤਾਨਾਂ ਸੰਬੰਧ ਕਾਇਮ ਹੋਣ ਤੋਂ ਪਹਿਲਾਂ ਪਹਿਲਾਂ ਹੀ ਅੰਗਰੇਜ਼ ਉਪਨਵੇਸ਼ਕਾਰਾਂ ਨੇ ਐਲਾਨ ਕੀਤਾ ਕਿ ਉਹਨਾਂ ਦੇ ਆਉਣ ਤੋਂ ਪਹਿਲਾਂ ਸਾਰਾ ਹੀ ਮਹਾਂਦੀਪ ਆਦਮ ਜਾਤ ਤੋਂ ਖਾਲੀ ਸੀ। ਉਹ ਇਸ ਗਲ ਨੂੰ ਸਭ ਕੁਝ ਹੜਪਣ ਨੂੰ ਜਾਇਜ਼ ਠਹਿਰਾਉਣ ਲਈ ਵਰਤਦੇ ਸਨ। ਇਸ ਦਾ ਸਿੱਟਾ ਦੋ ਸੌ ਸਾਲ ਦੀਆਂ ਝੜਪਾ ਅਤੇ ਨਫਰਤ ਦੇ ਰੂਪ ਵਿੱਚ ਨਿਕਲਿਆ।

੨੬ ਜਨਵਰੀ ਨੂੰ ਆਸਟ੍ਰੇਲੀਆ ਡੇ ਮਨਾਇਆ ਜਾਂਦਾ ਹੈ। ਝੰਡੇ ਲਹਿਰਾਏ ਜਾਂਦੇ ਹਨ, ਨਾਗਰਿਕ ਸਰਟੀਫੀਕੇਟ ਪੱਤਰ ਵੰਡੇ ਜਾਣ ਦੀ ਰਸਮ ਕੀਤੀ ਜਾਂਦੀ ਹੈ, ਪਟਾਕੇ ਆਤਸ਼ਬਾਜ਼ੀਆਂ ਚਲਦੀਆਂ ਹਨ।

੧੯੮੮ ਵਿੱਚ ਯੂਰਪੀਨਾਂ (ਅੰਗਰੇਜ਼ਾਂ) ਨੇ ਆਬਾਦਕਾਰੀ ਦੇ ਦੋ ਸੌ ਸਾਲਾਂ ਦਾ ਜਸ਼ਨ ਮਨਾਇਆ। ਮੂਲ ਵਾਸੀਆਂ ਨੇ ਸਾਲ ਭਰ ਆਜ਼ਾਦੀ ਅਤੇ ਨਿਆਂ ਦੀ ਆਸ ਵਾਸਤੇ ਵਡੇ ਵਡੇ ਜਲੂਸ ਕੱਢੇ ਅਤੇ ਸਾਲ ਨੂੰ ਮਾਤਮੀ ਸਾਲ ਵਜੋਂ ਮਨਾਇਆ ਪਰ ਨਾਲ ਹੀ ਆਪਨੀ ਹੋਂਦ ਵਜੋਂ ਵੀ ਮਨਾਇਆ।

ਅਮ੍ਰੀਕਾ ਦੀ ਜੰਗੇ ਅਜ਼ਾਦੀ ਮਗਰੋਂ ਵਸ਼ਿੰਗਟਨ ਨੇ ਬ੍ਰਿਟਿਸ਼ ਤੋਂ ਕੈਦੀ ਲੈਣ ਤੇ ਰੋਕ ਲਗਾ ਦੇਣ ਤੋਂ ਬਾਦ ਪੂਰਾਂ ਦੇ ਪੂਰ ਕੈਦੀ ਬੇੜਿਆਂ ਤੇ N.S.W ਵਿਚ ਅਪੜਨੇ ਸ਼ੁਰੂ ਹੋ ਗਏ ਸੰਭਵ ਹੈ ਉਸ ਸਮੇਂ ਭਾਰਤ ਵਿਚੋਂ ਭੀ ਕੈਦੀ ਏਧਰ ਪੁੱਜੇ ਹੋਣ।

ਮਦਰ ਸਟੇਟ N.S.W ਵਿਚ ਸਿਡਨੀ, ਤਸਮੈਨੀਆ ਵਿਚ ਹੋਬਾਰਟ ਕੈਪਟਨ ਕੁਕ ਦੀ ਉਲੀਕੀ ਕੁਈਨਜ਼ਲੈਂਡ ਬ੍ਰਿਸਬੈਨ ਦਰਿਆ ਤੇ ਬ੍ਰਿਸਬੈਨ ਅਤੇ ਯਾਰਾ ਨਦੀ ਤੇ ਮੈਲਬਰਨ। ਇਸ ਵੇਲੇ ਇਹ ਆਬਾਦੀ ਦੁਨੀਆ ਦੀ ਕੁਲ ਸੋਨੇ ਦੀ ਪੈਦਾਵਾਰ ਦਾ ਤੀਜਾ ਹਿਸਾ ਪੈਦਾ ਕਰਦੀ ਸੀ। ਸਭ ਦੀ ਉਸਾਰੀ ਕੈਦੀਆਂ ਆਪ ਸ਼ੁਰੂ ਕੀਤੀ (ਆਖੋ ਕੈਦੀਆਂ ਪਾਸੋਂ ਕਰਵਾਈ ਗਈ)

ਇਸ ਸੁਨਹਿਰੀ ਅਵਸਰ ਨੇ ਬਾਹਰੋਂ ਲੇਬਰ ਖਿਚਣੀ ਸ਼ੁਰੂ ਕੀਤੀ। ਇੰਡੋਨੇਸ਼ੀਆ, ਮਲਾਇਆ, ਭਾਰਤ ਚੀਨ ਦੇ ਸਸਤੇ ਕਾਮਿਆ ਨੇ ਇਨ੍ਹਾਂ ਸਟੇਟਾਂ ਨੂੰ ਚਾਰ ਚੰਨ ਲਗਾ ਦਿੱਤੇ। ਇਹੋ ਵਕਤ ਸੀ ਜਦੋਂ ਅਸਟ੍ਰੇਲੀਆ ਦੇ ਮੰਨੇ ਜਾਂਦੇ ਸਰਤਾਜ ਹੈਨਰੀ ਪਾਰਕ ਨੇ ਕੈਦੀਆਂ ਦੇ ਜਹਾਜ਼ਾਂ ਤੇ ਰੋਕ ਲਗਾ ਦਿੱਤੀ ਤੇ ਜ਼ਮੀਨ ਦੀ ਪੈਦਵਾਰ ਤੇ ਜ਼ੋਰ ਦਿੱਤਾ।

੧੮੩੩ ਵਿਚ ਛੇ ਲੱਖ ਏਕੜ ਜ਼ਮੀਨ ਗਰਾਂਟ ਵਜੋਂ ਆਸਟਰੇਲੀਅਨ ਐਗਰੀਕਲਚਰ ਨੂੰ ਦਿੱਤੀ ਗਈ ਜਿਸ ਵਿਚ ਸਿਰਫ਼ ਭੇਡਾਂ ਦੀ ਪੈਦਾਵਾਰ ਹੋਣੀ ਨਿਯੁਕਤ ਹੋਈ। ਕਈ ਵੇਰ ਕਾਮਿਆਂ ਨੂੰ ਮਜ਼ਦੂਰੀ ਵਜੋਂ ਜ਼ਮੀਨ ਹੀ ਦਿਤੀ ਜਾਂਦੀ ਇਸ ਨੇ ਜ਼ਮੀਨ ਦੀ ਕੀਮਤ ਤੁਛ ਬਣਾ ਦਿੱਤੀ ਤੇ ਕੋਈ ਜ਼ਮੀਨ ਸਵੀਕਾਰ ਹੀ ਨਾ ਕਰਦਾ (ਇਹ ਤੇ ਸਾਡੇ ਬਾਬਾ ਜੀ ਉਨ.ਵੀ ਸਦੀ ਦੇ ਅਖੀਰ ਵਿਚ ਆਏ ਭੀ ਦਸਦੇ ਸਨ) "ਡਰਦੇ ਇਸ ਨੂੰ ਵਾੜ ਕੌਣ ਲਾਵੇ। ਅਸੀਂ ਤੇ ਇੱਥੇ ਬਝ ਜਾਵਾਂਗੇ। ਅਸੀਂ ਪੈਸਾ ਪੈਦਾ ਕਰਨਾ ਤੇ ਘਰ ਮੁੜਨਾ ਹੋਇਆ" ਉਪਰੋਂ ਸਰਕਾਰ



Sri Satguru Jagjit Singh Ji eLibrary NamdhariElibrary@gmail.com

੧੦ ਪਾਉਂਡ ਸਾਲ ਦਾ ਟੈਕਸ ਭੀ ਲਗਾ ਦਿੱਤਾ। ਉਪਰੋਕਤ ਚਾਰ ਸਟੇਟਾਂ ਦਾ ਵਿਕਾਸ ਮੂਲ ਸਟੇਟ ਨਿਊ ਸਾਊਥ ਵੇਲਜ਼ ਤੋਂ ਹੋਇਆ। ਪਛਮੀ ਆਸਟ੍ਰੇਲੀਆ ਨੂੰ ਖੋਜਣ ਲਈ ਮੇਅਫਰ ਲੌਕੀਅਰ ਨੂੰ ਭੇਜਿਆ ਗਿਆ। ਇਕ ਰਜਮੰਟ ਤੇ ਕੈਦੀ ਦੇ ਕੇ ਪਛਮੀ ਤੱਕ ਵਲ ਉਹ ਗਿਆ। ੨੯ ਦਸੰਬਰ ੧੯੨੭ ਨੂੰ ਉਨੇ ਉਥੇ ਜਾ ਬਰਤਾਨਵੀ ਝੰਡਾ ਗੱਡਿਆ। ਸਵੈਨ ਨਦੀ ਤੇ ਪਰਥ ਸ਼ਹਿਰ ਦੀ ਉਸਾਰੀ ਹੋਈ। ਪਰਥ ਇਕ ਬਹੁਤ ਖੂਬਸੂਰਤ ਸ਼ਹਿਰ ਹੈ। ਪਛਮੀ ਪ੍ਰਾਂਤ ਦੀ ਰਾਜਧਾਨੀ ਹੈ। ਕੋਈ ਪੰਜ ਲੱਖ ਸਠ ਹਜ਼ਾਰ ਦੀ ਆਬਾਦੀ ਵਾਲ ਝੀਲਾਂ ਅਤੇ ਦਰਿਆ ਵਾਲਾ ਸ਼ਹਿਰ ਹੈ।

ਦੱਖਣੀ ਅਸਟਰੇਲੀਆ ਇਕੋ ਇਕ ਸਟੇਟ ਜੋ ਕੈਦੀਆਂ ਦੀ ਕੁਟਾਈ ਤੋਂ ਬਗੈਰ ਵਜੂਦ ਵਿਚ ਆਈ ਉਸ ਦਾ ਉਲੀਕਕ ਆਪ ਇਕ ਕੈਦੀ ਸੀ। ਐਡਵਰਡ ਗਿੱਬਨ ਵੇਕਫੀਲਡ ਉਸ ਨੇ ਜੇਲ ਵਿਚੋਂ ਇਕ ਕਿਤਾਬ ਲਿਖੀ ਏ ਲੈਟਰ ਫਰਾਮ ਸਿਡਨੀ ਜਿਸ ਵਿਚ ਉਸ ਨੇ ਵਿਸਥਾਰ ਨਾਲ ਸਿਧ ਕੀਤਾ ਕਿ ਜ਼ਮੀਨ ਮੁਫ਼ਤ ਕਿਸੇ ਨੂੰ ਨਾ ਦਿਤੀ ਜਾਏ ਕਿਸੇ ਨੂੰ ਐਵੇਂ ਤੇ ਜਲਦੀ ਲੈਂਡ ਲੋਰਡ ਬਣਨ ਦਾ ਮੌਕਾ ਨਾ ਦਿਤਾ ਜਾਏ, ਜ਼ਮੀਨ ਦੀ ਕੀਮਤ ਅਤੇ ਉਸਦੀ ਮਹਾਨਤਾ ਦਾ ਅਹਿਸਾਸ ਪੈਦਾ ਕੀਤਾ ਜਾਏ, ਲੋਕਾਂ ਦੀ ਜ਼ਮੀਨ ਨਾਲ ਜਕੜ ਤੇ ਪਿਆਰ ਵਧਾਇਆ ਜਾਏ।

ਵੇਕ ਫੀਲਡ ਦੀ ਥਿਊਰੀ ਦੇ ਆਧਾਰ ਤੇ, ਬੈਂਕਰਾਂ, ਜਹਾਜ਼ ਮਾਲਕਾਂ ਅਤੇ ਧਨਾਡਾਂ ਦੇ ਸਿੰਡੀਕੇਟ ਨੇ ਇਕ ਕੰਪਨੀ ਬਣਾਈ। ਇਸ ਦਾ ਨਾਂਅ ਸੀ ਸਾਊਥ ਅਸਟ੍ਰੇਲੀਆ ਕੰਪਨੀ। ਇਸ ਦੀ ਮੂਲ ਪੂੰਜੀ ਤਿੰਨ ਲੱਖ ਵੀਹ ਹਜ਼ਾਰ ਪੌਂਡ ਸੀ। ਇਸ ਨੇ ਸਰਕਾਰ ਤੋਂ ਪਰਵਾਨਗੀ ਲਈ ਅਤੇ ਐਸੀ ਆਦਰਸ਼ ਕਾਲੋਨੀ ਦਾ ਨਿਰਮਾਣ ਸ਼ੁਰੂ ਕੀਤਾ ਜੋ ਆਪਣੇ ਸ਼ਹਿਰੀਆਂ ਨੂੰ, ਸਮਾਜਕ, ਆਰਥਕ ਅਤੇ ਰਾਜਨੀਤਕ ਲੋੜਾਂ ਦੀ ਪੂਰਤੀ ਕਰੇ।

ਇਸੇ ਤਰ੍ਹਾਂ ਇਸੇ ਕੰਪਨੀ ਨੇ ਜ਼ਮੀਨ ਦੇ ਬਚਨ ਨਾਲ ਸਟੇਟ ਦੀ ਦੀ ਉਸਾਰੀ ਕਰਕੇ ੧੮੩੬ ਵਿਚ ਬ੍ਰਿਟਿਸ਼ ਕਲੋਨੀ ਕਰਾਰ ਦਿੱਤੀ। ਜਿਸ ਦੀ ਰਾਜਧਾਨੀ ਐਡੀਲੇਡ ਹੈ ਅਤੇ ਕਣਕ ਸਭ ਤੋਂ ਵੱਧ ਪੈਦਾਵਾਰ ਹੈ।

੧੮੮੬ Aboriginal protection Act ਮੂਲਵਾਸੀਆਂ ਦੀ ਸੁਰੱਖਿਆ ਦਾ ਐਕਟ ਪਾਸ ਹੋਇਆ ਜਿਸ ਆਧਾਰ ਬੱਚੇ Abo- ਮਾਵਾਂ ਪਾਸੋ ਲਏ ਜਾਂਦੇ ਤੇ ਉਨ੍ਹਾਂ ਨੂੰ ਮਾਡਰਨ ਵਿਦਿਆ ਦਿੱਤੀ ਜਾਂਦੀ। ਵਿਦਿਆ ਦਿੱਤੀ ਜਾਂਦੀ ਜਾਂ ਉਨ੍ਹਾਂ ਦਾ ਸੈਵ ਨਾਸ ਕੀਤਾ ਜਾਂਦਾ ਸਵਾਲ ਹਰ ਏਸ਼ੀਅਨ ਜਾਂ ਰੰਗੀਨ ਚਮੜੀ ਦੇ ਮਨਾ ਵਿਚ ਉਭਰਦਾ।

੧੯ ਵੀਂ ਸਦੀ, ਅਸਟ੍ਰੇਲੀਆ ਵਿਚ ਕਾਮਿਆਂ ਦੀ ਭਾਰੀ ਮੰਗ ਲੈ ਕੇ ਆਈ। ਹੁਨਰੀ ਕੰਮ ਤੇ ਬਹੁਤੇ ਕੈਦੀ ਜਾਂ ਉਨ੍ਹਾਂ ਦੀ ਉਲਾਦ ਕਰਕੇ ਜਿਨ੍ਹਾਂ ਦਾ ਦਬਾ ਭੀ ਉਸ ਸਮੇਂ ਬਹੁਤ ਸੀ। ਕਾਮੇ ਜੋ ਬਹੁਤੇ ਚੀਨ, ਮਲਾਇਆ, ਇੰਡੋਨੇਸ਼ੀਆ ਭਾਰਤ-ਪੰਜਾਬ ਤੋਂ ਆਏ, ਜਾਂ ਜੇ ਕੈਦੀਆਂ ਰਾਹੀਂ ਲਿਆਂਦੇ ਗਏ ਆਪਣੇ ਆਪ ਨੂੰ ਅਸਟ੍ਰੇਲੀਆ ਦੇ ਪਥਰਾਂ ਦੇ ਸਾਥੀ ਬਣਾ ਕੇ ਰਖਦੇ। ਦਰਖਤ ਵਢਦੇ, ਝਾੜੀਆਂ ਪੁਟਕੇ ਗੰਨਾ ਬੀਜਦੇ ਵਢਦੇ, ਕਣਕਾਂ ਫ਼ਸਲਾਂ ਵਿਚ ਮਜ਼ਦੂਰੀ ਕਰਕੇ ਜਾਂ ਬਹੁਤ ਪਛਮੀ ਅਸਟ੍ਰੇਲੀਆ ਵਿਚ ਊਠਾਂ ਉੱਤੇ ਪਾਣੀ ਆਦ ਜਾਂ ਹੋਰ ਵਸਤੂਆਂ ਟਰਾਂਸਪੋਰਟ ਕਰਦੇ।

ਦਸਦੇ ਹਨ ਉਸ ਵੇਲੇ ਪਾਸਪੋਰਟ ਦੀ ਭੀ ਲੋੜ ਨਹੀਂ ਸੀ। ਬਹੁਤੇ ਘੋੜਿਆਂ ਡੰਗਰਾਂ ਵਾਲੇ ਜਹਾਜ਼ਾਂ ਰਾਹੀਂ ਇੱਥੇ ਆਏ। ਕਿਤੇ ਕਿਤੇ ਕੋਈ ਲਕੜੀ ਦੀ ਝੰਗੀ ਹੁੰਦੀ ਭਾਰਤ ਤੋਂ ਆਏ ਬਹੁਤੇ ਗਰੁਪਾਂ ਵਿਚ ਰਹਿੰਦੇ ਜਿਸ ਨੂੰ ਗੇਗਾਂ ਕਹਿੰਦੇ ਤੇ ਪਾਣੀ ਕੰਢੇ ਵਾਸ ਰਖਦੇ ਜਿਨ੍ਹਾਂ ਨੂੰ ਕ੍ਰੀਕਸ ਆਖਦੇ।

ਇਸ ਵਿਚ ਸ਼ਕ ਨਹੀਂ ਕਿ ਭਗਤੀ ਵਿਚ ਸ਼ਕਤੀ ਹੁੰਦੀ ਹੈ। ਪੰਜਾਬੀ ਭਗਤੀ ਸ਼ਕਤੀ ਦਾ ਭੰਡਾਰ ਹਨ। ਸ਼ਕਤੀ ਤੋਂ ਹੀ ਤਮੱਨਾ ਉਤਪਨ ਹੁੰਦੀ ਹੈ, ਕੁਝ ਕਰ ਲੈਣ, ਘਰ ਬਾਰ ਛੱਡ ਚਾਰ ਪੈਸੇ ਇਕੱਤਰ ਕਰਨ ਲਈ। ਕੋਈ ਰਜਵਾੜਾ ਨਹੀਂ ਜੋ ਇਥੇ ਆਇਆ ਹੋਵੇ। ਡਟ ਕੇ ਕੰਮ ਕਰਨਾ, ਬੇਪਰਵਾਹ ਰਹਿ ਪ੍ਰਭੂ ਯਾਦ ਕਰਨਾ, ਆਪਣਾ ਪਕਾਉਣਾ ਤੇ ਖਾਣਾ! ਬਹੁਤੇ ਛੜੇ ਸਨ ਜੋ ਵਿਆਹੇ ਉਹ ਭੀ ਸਿੰਗਲ।

ਇਨ੍ਹਾਂ ਦੀ ਬੇਪਰਵਾਹੀ ਬਹਾਦਰੀ ਦੀਆਂ ਬਥੇਰੀਆਂ ਮਸਾਲਾਂ ਹਨ ਮੇਰੇ ਪਾਸ ਪਿਓ ਦਾਦਿਆਂ ਤੋਂ ਸੁਣੀਆਂ ਤੱਕੀਆਂ।

ਬਹੁਤੇ ਚੰਗੇ ਲੈਂਡ ਲਾਰਡਾਂ ਦੇ ਵਿਸ਼ਵਾਸ਼ ਪਾਤਰ ਵੀ ਸਨ। ਵਿਸ਼ਵਾਸ਼ ਕਾਹਦਾ-ਕੰਮ ਪਿਆਰਾ ਨਾ ਕਿ ਚੰਮ'।

ਕਮਾਈ ਮਿਲਣ ਤੋਂ ਵਧੇਰਾ ਕੰਮ ਕਰਨ ਲਈ ਪੰਜਾਬੀ ਪਰਸਿਧ ਹਨ। ਫਾਰਮਾਂ ਵਿਚ ਮਾਲਕ ਸਦਾ ਇਨ੍ਹਾਂ ਦੀ ਪਿਠ ਤੇ ਰਹਿੰਦੇ ਤੇ ਇਹ ਕਿਸ ਖੱਬੀ ਖਾਨ ਦੀ ਪਰਵਾਹ ਕਰਨ।

ਇਹੋ ਵੱਡੀ ਗਲ ਸੀ ਜਿਸ ਤੋਂ ਈਰਖਾ ਜਨਮੀ ਤੇ ਚਿਟੀ ਚਮੜੀ ਜੋ ਪਹਿਲਾਂ ਹੀ ਮੂਲਵਾਸੀ ਖਤਮ ਕਰਨ ਤੇ ਤੁਲੀ ਹੋਈ ਸੀ, ਇਨ੍ਹਾਂ ਪੰਜਾਬੀਆਂ ਨੂੰ ਹੀ ਨਹੀਂ ਸਗੋਂ ਸਾਰੇ ਰੰਗੀਨ ਚਮੜੀ ਏਸ਼ੀਅਨਾਂ ਨੂੰ ਆਪਣਾ ਨਿਸ਼ਾਨਾ ਬਣਾ ਬੈਠੀ।

ਬਹੁਤ ਕਮਾਈ ਘਟ ਕੰਮ ਤੇ ਚੰਗੇ ਹਾਲਾਤ ਲਈ ਲੇਬਰ ਯੂਨੀਅਨ ਵਜੂਦ ਵਿਚ ਆਈ। ਪੰਜਾਬ ਕਈ ਵੇਰ ਸਿਰ ਦੀ ਵਰਤੋਂ ਘਟ ਕਰਦਾ ਹੈ ਤੇ ਸਰੀਰਕ ਜ਼ੋਰ ਨਾਲ ਡਟਿਆ ਰਹਿੰਦਾ ਹੈ। ਇੱਥੇ ਭੀ ਇਨ੍ਹਾਂ ਇਹੋ ਗਲਤੀ ਕੀਤੀ। ਕਈ ਥਾਈਂ ਖਾਸ ਕਰ ਗੰਨੇ ਵਿਚ, ਯੂਨੀਅਨ ਦਾ ਸਾਥ ਨਾ ਦਿਤਾ ਤੇ ਲੈਂਡ ਲੋਰਡ ਦੀਆਂ ਸੁਟੀਆਂ ਖਿਲਾਂ ਖਾਂਦੇ ਰਹੇ।

ਯੂਨੀਅਨ ਆਪਣੇ ਕੰਮ ਵਿਚ ਸਫ਼ਲ ਹੋਈ, ਹਕੂਮਤ ਇਨ੍ਹਾਂ ਦੀ ਆ ਗਈ, ਪੰਜਾਬੀ ਜਾਂ ਕਾਲੇ ਗੰਨੇ ਵਿਚੋਂ ਕੱਢ ਦਿੱਤੇ ਇਹ ਆਖ "ਜਿਧਰ ਕਾਲਾ ਗੰਨੇ ਵਿਚੋਂ ਲੰਘ ਜਾਏ ਖੰਡ ਕਾਲੀ ਹੋ ਜਾਂਦੀ ਹੈ।"

ਅਸਟ੍ਰੇਲੀਏ ਦੇ ਫੈਲਾਓ ਨਾਲ ਘਿਰਣਾ ਭੀ ਫ਼ੈਲਦੀ ਗਈ। ੧੯੦੧ ਵਿਚ ਜਦੋਂ ਸਾਰੀਆਂ ਛੇਵੇਂ ਸਟੇਟਾਂ ਇਕਤਰ ਹੋਈਆਂ, ਅਸਟ੍ਰੇਲੀਆ ਦੀ ਇਕ ਫੈਡਰੇਸ਼ਨ "ਕਾਮਨਵੈਲਥ ਆਫ ਆਸਟਰੇਲੀਆ" ਸੈਂਟਰ ਗੋਰਮਿੰਟ ਦੇ ਰੂਪ ਵਿਚ ਮੈਲਬੋਰਨ ਵਿਚ ਬਣੀ, "ਪਹਿਲਾ ਕਨੂੰਨ ਇਹੁ ਪਾਸ ਹੋਇਆ "ਅਗਲੇ ੬੦ ਸਾਲਾਂ ਵਿਚ ਕੋਈ ਨਵਾਂ ਏਸ਼ੀਅਨ ਅਸਟ੍ਰੇਲੀਏ ਨਾ ਵੜੇ।"



Sri Satguru Jagjit Singh Ji eLibrary NamdhariElibrary@gmail.com

# ਗੁਰਦੀਪ ਸਿੰਘ ਢੋਡਾ ਦੀ ਯਾਦ ਵਿਚ



ਉਡਦੀ ਉਡਦੀ ਖਬਰ ਆਈ ਹੈ ਕਿ ਸ. ਗੁਰਦੀਪ ਸਿੰਘ ਢੋਡਾ ਵੀ ਗੁਰਪੁਰੀ ਸਿਧਾਰ ਗਏ ਹਨ।

ਗੁਰਪੁਰੀ ਦਾ ਅਰਥ ਹੈ ਗੁਰੂ ਦੀ ਪੁਰੀ, ਗੁਰੂ ਦੀ ਨਗਰੀ। ਜਦੋਂ ਕਿਸੇ ਵਿਅਕਤੀ ਦੀ ਇਸਸ ਸੰਸਾਰ ਤੋਂ ਕਾਰਜਸ਼ੀਲਤਾ ਖਤਮ ਹੋ ਜਾਂਦੀ ਹੈ। ਜਦੋਂ ਸੁਰਤ ਸਵਾਸ ਦਿਲ ਦਿਮਾਗ ਤੇ ਹੋਰ ਬਹੁਤ ਕੁਝ ਪੂਰਨ ਬਿਸਰਾਮ ਦੀ ਅਵਸਥਾ ਵਿਚ ਚਲਾ ਜਾਂਦਾ ਹੈ ਤੇ ਬਾਕੀ ਸਰੀਰ ਕ੍ਰਿਆ ਰਹਿਤ ਹੋ ਜਾਂਦਾ ਹੈ ਤਾਂ ਅਜਿਹੀ ਹਾਲਤ ਨੂੰ ਦੱਸਣ ਲਈ ਅਨੇਕਾਂ ਸ਼ਬਦਾਂ ਦਾ ਪ੍ਰਯੋਗ ਹੁੰਦਾ ਹੈ। ਇਹਨਾਂ ਵਿਚੋਂ ਹੀ ਗੁਰਮੁਖਾਂ ਲਈ ਗੁਰਪੁਰੀ ਸਿਧਾਰ ਗਿਆ ਵਰਤਿਆ ਜਾਂਦਾ ਹੈ। ਆਮ ਸ਼ਬਦ ਹੈ ਮੌਤ। ਕਿਤੇ ਕਿਹਾ ਜਾਂਦਾ ਹੈ ਪੂਰਾ ਹੋ ਗਿਆ। ਗੁਰਬਾਣੀ ਵਿਚ ਸੰਪੂਰਨ ਥੀਆ ਸ਼ਬਦ ਵੀ ਲਿਖਿਆ ਹੈ। ਕਿਹਾ ਜਾਂਦਾ ਹੈ ਜਿਵੇਂ ਪਾਣੀ ਦੀ ਬੂੰਦ ਪਾਣੀ ਮਿਲ ਜਾਂਦੀ ਹੈ ਜਿਵੇਂ ਸੂਰਜ ਦੀ ਕਿਰਣ ਸੂਰਜ ਵਿਚ ਸਮਾਂ ਜਾਂਦੀ ਹੈ, ਜਿਵੇਂ ਮਿੱਟੀ ਵਿਚ ਮਿੱਟੀ ਮਿਲ ਕੇ ਇਕ ਹੋ ਜਾਂਦੀ ਹੈ। ਇਵੇਂ ਹੀ ਵਿਅਕਤੀ ਦੇ ਅੰਦਰ ਦੀ ਜੋਤ, ਪਰਮਜੋਤ ਵਿਚ ਲੀਨ ਹੋ ਜਾਂਦੀ ਹੈ। ਅੰਗਰੇਜ਼ੀ ਵਾਲੇ ਐਕਸਪਾਇਰ ਸ਼ਬਦ ਵਰਤਦੇ ਹਨ ਮਤਲਬ ਹੈ ਨਿਸ਼ਚਿਤ ਸਮਾਂ ਮੁੱਕ ਗਿਆ ਹੈ। ਉਰਦੂ ਵਾਲੇ ਇਕ ਸ਼ਬਦ ਵਰਤਦੇ ਹਨ ਇੰਤਕਾਲ। ਇਸ ਦਾ ਭਾਵ ਹੁੰਦਾ ਹੈ ਤਬਦੀਲ ਹੋ ਜਾਣਾ, ਟਰਾਂਸਫਰ। ਜ਼ਮੀਨ ਦੀ ਮਾਲਕੀ ਜਦੋਂ ਇਕ ਹੱਥਾਂ ਚੋਂ ਨਿਕਲ ਕੇ ਦੂਸਰੇ ਹੱਥ ਜਾਂਦੀ ਹੈ ਤਾਂ ਉਸ ਨੂੰ ਪਟਵਾਰੀ ਤਹਿਸੀਲਦਾਰ ਦੇ ਕਾਗਜ਼ਾਂ ਵਿਚ ਇੰਤਕਾਲ ਹੀ ਲਿਖਦੇ ਹਨ। ਦਿਸਦੇ ਸੰਸਾਰ ਦੇ ਅਨੁਭਵ, ਖੁਸ਼ੀਆਂ ਗਮੀਆਂ ਫਿਕਰ ਲਾਲਸਾਵਾਂ ਮਾਨ ਅਭਿਮਾਨ ਅਪਮਾਨ ਜ਼ਿੰਮੇਵਾਰੀਆਂ ਬੀਮਾਰੀਆਂ ਪ੍ਰਾਪਤੀਆਂ ਅਪ੍ਰਾਪਤੀਆਂ, ਦੁੱਖ ਰੋਗ ਸੰਤਾਪ ਸਭ ਨੂੰ ਫੁਲ ਸਟਾਪ ਲਗ ਜਾਂਦਾ ਹੈ। ਉਹ ਸਰੀਰ ਜੋ ਬਲਾ ਦਾ ਬਲੀ ਹੁੰਦਾ ਹੈ ਮਿੱਟੀ ਦਾ ਢੇਰ ਬਣ ਜਾਂਦਾ ਹੈ। ਸ਼ਾਇਰ ਕਹਿੰਦਾ ਹੈ।

ਜਿਨ ਕੀ ਨੌਬਤ ਕੀ ਸਦਾ ਸੇ ਗੂੰਜਤੇ ਥੇ ਆਸਮਾਂ
ਦਮ ਬਖ਼ੁਦ ਹੈ ਮਕਬਰੋਂ ਮੇਂ ਹੂੰ ਨਾ ਹਾਂ ਕੁਛ ਭੀ ਨਹੀਂ

ਮਿਟੀ ਸਮਝੇ ਜਾਂਦੇ ਸੁੰਦਰ ਅਤੇ ਬਲਵਾਨ ਸਰੀਰ ਨੂੰ ਘਰੋਂ ਤੋਰਨ ਦਾ ਹੀ ਆਹਰ ਰਹਿ ਜਾਂਦਾ ਹੈ। ਸੁਆਹ ਦੀ ਚੁਟਕੀ ਬਣਿਆ ਸਰੀਰ ਸਵਾਹ ਦੀ ਚੁਟਕੀ ਵੀ ਨਹੀਂ ਰਹਿੰਦਾ। ਖੁਸ਼ਬੋ ਦੀ ਭਰੀ ਸ਼ੀਸ਼ੀ ਹੁੰਦੀ ਹੈ। ਉਹ ਸ਼ੀਸ਼ੀ ਟੁੱਟ ਜਾਂਦੀ ਹੈ। ਖੁਸ਼ਬੋ ਬਿਖਰ ਜਾਂਦੀ ਹੈ। ਕੁਝ ਸਮੇਂ ਵਾਸਤੇ ਯਾਦਾਂ ਰਹਿ ਜਾਂਦੀਆਂ ਹਨ। ਇਹ ਯਾਦਾਂ ਵੀ ਉਨਾਂ ਚਿਰ ਹੀ ਰਹਿੰਦੀਆਂ ਹਨ ਜਿਨਾਂ ਚਿਰ ਯਾਦ ਕਰਨ ਵਾਲੇ ਜੀਵਾਂ ਦੀ ਵੀ ਮਾਟੀ ਮਾਟੀ 'ਚ ਨਹੀਂ ਮਿਲਦੀ। ਫਿਰ ਨਵਾਂ ਸੰਸਾਰ ਨਵੇਂ ਸਰੀਰ ਨਵੀਆਂ ਜਵਾਨੀਆਂ ਉਹ ਸਭ ਕੁਝ ਹੀ ਨਵਾਂ ਹੁੰਦਾ ਹੈ ਜੋ ਕਈ ਵਾਰ ਖਤਮ ਹੋਇਆ ਹੈ। ਆਪਣੀ ਹਯਾਤੀ ਤੇ ਨਜ਼ਰ ਮਾਰੀਏ ਤਾਂ ਮੌਤ ਦਾ ਇਕ ਲੰਮਾ ਦਰਿਆ ਵਗਦਾ ਦਿਸਦਾ ਹੈ। ਨਿਰੰਤਰ ਵਗਦੇ ਦਰਿਆ ਵਿਚ ਆਪਣੇ ਸੰਪਰਕ ਵਿਚ ਆਈਆਂ ਅਨਗਿਣਤ ਸ਼ਖਸੀਅਤਾਂ ਦੇ ਝੌਲੇ ਪੈਂਦੇ ਹਨ। ਸ਼ਖਸੀਅਤਾਂ ਜਿੰਨਾਂ ਦਾ ਇੰਤਕਾਲ ਹੋ ਗਿਆ ਹੈ ਜੋ ਸੰਪੂਰਨ ਹੋ ਗਈਆਂ ਜੋ ਗੁਰਪੁਰੀ ਸਿਧਾਰ ਗਈਆਂ। ਆਦਮੀ ਇਹਨਾਂ ਸ਼ਬਦਾਂ ਨਾਲ ਹੀ ਇਸ ਸੰਸਾਰ ਤੋਂ ਕੂਚ ਦੀ ਕ੍ਰਿਆ ਨੂੰ ਬਿਆਨਦਾ ਹੈ।

ਗੁਰਦੀਪ ਸਿੰਘ ਢੋਡਾ ਵੀ ਸਾਡੀਆਂ ਯਾਦਾਂ ਦੀ ਪਟਾਰੀ ਵਿਚ ਅਹਿਮ ਨਾਂਅ ਹੈ। ਦਿੱਲੀ ਦੀ ਨਾਮਧਾਰੀ ਕਾਲੋਨੀ ਵਿਚ ਇਹ ਢੋਡਾ ਪਰਿਵਾਰ ਰਹਿੰਦਾ ਹੈ। ਢੋਡਾ ਪਿੰਡ ਪਾਕਿਸਤਾਨ ਵਿਚ ਰਹਿ ਗਿਆ ਅਤੇ ਉਥੋਂ ਆਏ ਭਰਾਵਾਂ ਦੀ ਅੱਲ ਢੋਡੇ ਵਾਲੇ ਜਾਂ ਨਿਰਾ ਢੋਡਾ ਹੀ ਪੈ ਗਿਆ। ੧੯੬੫ ਵਿਚ ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਵੇਲੇ ਦੋ ਅਨਦਾੜੀਏ ਮੁੰਡੇ ਆਏ ਹਰਮੀਤ ਸਿੰਘ ਤੇ ਗੁਰਦੀਪ ਸਿੰਘ। ਦੋਵੇਂ ਢੋਡਾ ਪਰਿਵਾਰ ਦੇ ਇਕ ਦੂਜੇ ਦੇ ਚਚੇਰੇ ਭਰਾ। ਢੋਡਾ ਪਰਿਵਾਰ ਵਡ ਪਰਿਵਾਰ ਹੈ ਅਤੇ ਇਹਨਾਂ ਕਈ ਪਰਿਵਾਰਾਂ ਦੇ ਇਕੱਠੇ ਘਰ ਨਾਮਧਾਰੀ ਕਾਲੋਨੀ ਵਿਚ ਹਨ। ਸ. ਅਮਰ ਸਿੰਘ, ਕਰਮ ਸਿੰਘ, ਕਰਤਾਰ ਸਿੰਘ, ਨਰੈਣ ਸਿੰਘ ਭਰਾਂਵਾਂ ਦਾ ਇਹ ਮਸ਼ਹੂਰ ਪਰਿਵਾਰ ਹੈ। ਇਹ ਉਸ ਰੰਗ ਵਿਚ ਰੰਗੇ ਹੋਏ ਸਨ ਜਿਸ ਰੰਗ ਬਾਰੇ ਗਾਵਿਆ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਮੈਨੂੰ ਆਪਣੀ ਰੰਗਣ ਵਿਚ ਰੰਗ ਲੈ
ਝੂਠੇ ਰੰਗ ਦੁਨੀਆਂ ਦੇ

ਇਹ ਸੱਚੇ ਰੰਗ ਵਿਚ ਰੰਗੇ ਹੋਏ ਢੋਡਾ ਪਰਿਵਾਰ ਦੇ ਘਰ ਸਹੀ ਮਾਅਨਿਆਂ ਵਿਚ ਗੁਰਦੁਆਰਾ ਹੀ ਸੀ। ਇਕ ਜਥਾ ਆ ਰਿਹਾ ਹੈ ਇਕ ਜਾ ਰਿਹਾ ਹੈ। ਦਿੱਲੀ ਤੋਂ ਅੱਗੇ ਜਾਣ ਵਾਲੇ ਤੇ ਵਾਪਸ ਆਉਣ ਵਾਲੇ ਸੰਤ ਮਹਾਂਪੁਰਸ਼ ਰਾਗੀ ਜਥੇਦਾਰ ਅਕਸਰ ਇਥੇ ਹੀ ਕਿਆਮ ਕਰਦੇ। ਵੱਡੇ ਵੱਡੇ ਕਮਰੇ ਜਿਨੇ ਮਰਜ਼ੀ ਬੰਦੇ ਆਉਂਦੇ ਸਮਾ ਜਾਂਦੇ। ਲੋਹ ਲੰਗਰ ਤਪਿਆ ਹੀ ਰਹਿੰਦਾ। ਇਸ਼ਨਾਨ ਪਾਣੀ ਦੀ ਸਹੂਲਤ ਅਤੇ ਹੱਥ ਬੰਨ ਕੇ ਸੇਵਾ ਕਰਨ ਨੂੰ ਤਿਆਰ ਘਰ ਦੇ ਸੁਆਮੀ, ਔਰਤਾਂ ਤੇ ਬੱਚੇ। ਸੇਵਾ ਵਿਚ ਆਪਣੇ ਨਿਜੀ-ਕਾਰੋਬਾਰ ਦੀ ਪਰਵਾਹ ਨਾ ਕਰਨ ਵਾਲੇ। ਖਾਸ ਕਰਕੇ ਸ. ਅਮਰ ਸਿੰਘ ਢੋਡਾ ਦੇ ਘਰ ਤਾਂ ਸਦਾ ਹੀ ਮੇਲਾ ਹੀ ਬਣਿਆ ਰਹਿੰਦਾ। ਉਨ੍ਹਾਂ ਦੇ ਨਾਲ ਗੁਰਦੀਪ ਸਿੰਘ (ਸਪੁਤਰ ਸੰਤ ਕਰਮ ਸਿੰਘ) ਰਹਿੰਦੇ ਸਨ। ਢੋਡਾ ਪਰਿਵਾਰ ਬਾਦ ਵਿਚ ਕੀਨੀਆ, ਇੰਗਲੈਂਡ ਤੱਕ ਵੀ ਫੈਲਿਆ ਹੈ ਅਤੇ ਇਸ ਦਾ ਇਤਿਹਾਸ ਵੀ ਫੈਲਾਅ ਵਾਲਾ ਹੈ। ਘਰ ਸਾਡੀਆਂ ਯਾਦਾਂ ਦੀ ਤੰਦ ਸਮੇਂ ਦੇ ਇਕ ਛੋਟੇ ਜਿਹੇ ਦੌਰ ਨਾਲ ਜੁੜੀ ਹੋਈ ਹੈ।

ਜਦੋਂ ਅਸੀਂ ਨਾਮਧਾਰੀ ਵਿਦਿਅਕ ਜੱਥੇ ਵਿਚ ੧੦ ਕੁ ਵਰ੍ਹੇ ਲਾਏ ਤਾਂ ਇਹਨਾਂ ਦਸਾਂ ਸਾਲਾਂ ਵਿਚ ਹੀ ਪਰਚਾਰ ਪਰਸਾਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਆਪਣੀਆਂ ਅਖਬਾਰਾਂ ਅਤੇ ਪਰਚਿਆਂ ਨੂੰ ਚਲਾਉਣ ਦਾ ਜ਼ੁਬਾਨੀ ਜਮਾ ਖਰਚ ਚਲਦਾ ਰਿਹਾ ਅਤੇ ਅਮਲ ਵਿਚ ਨਾਮਧਾਰੀਆਂ ਦਾ ਇਕ ਰੋਜ਼ਾਨਾ ਪਰਚਾ ਬੰਦ ਹੋ ਗਿਆ। ਮੇਰੇ ਜ਼ਾਤੀ ਹਾਲਾਤ ਇਹੋ ਜਿਹੇ ਬਣੇ ਕਿ ਜੰਮੂ ਤੋਂ ਆ ਕੇ ਜਲੰਧਰ ਵਿਚ ਛੋਟਾ ਜਿਹਾ ਪ੍ਰੈਸ ਲਾ ਲਿਆ ਅਤੇ ਅਨਜਾਣਪੁਣੇ ਦੇ ਨਿਹੁੰ ਵਾਂਗ ੧੯੭੫ ਦੇ ਅਖੀਰ ਵਿਚ ਮਲੇਰ ਕੋਟਲੇ ਦੇ ਇਕ ਸ਼ਹੀਦ ਦੇ ਨਾਂਅ ਤੇ ਵਰਿਆਮ ਪਰਚਾ ਵੀ ਚਾਲੂ ਕਰ ਦਿੱਤਾ। ਪਰਚਾ ਜਿਸ ਖੁਸ਼ ਫਹਿਮੀ ਅਤੇ ਹੱਲਾ ਸ਼ੇਰੀ ਨਾਲ ਚਾਲੂ ਕੀਤਾ ਉਸ ਗੱਲ ਦੀ ਖੂਬਸੂਰਤੀ ਇਸੇ ਗੱਲ ਵਿਚ ਹੈ ਕਿ ਅਜੇ ਇਸ ਦਾ ਵਿਸਥਾਰ ਨਾ ਦਸਿਆ ਜਾਵੇ। ਛੇਤੀ ਹੀ ਪਤਾ ਲੱਗ ਗਿਆ ਕਿ ਡਾ. ਜਗਤਾਰ ਦਾ ਇਕ ਸ਼ੇਅਰ ਸਾਡੇ ਵਾਸਤੇ ਹੀ ਲਿਖਿਆ ਸੀ।

ਹਰ ਮੋੜ ਤੇ ਸਲੀਬਾਂ ਹਰ ਪੈਰ ਤੇ ਹਨੇਰਾ

ਜਿਨਾਂ ਤੇ ਮਾਣ ਸੀ ਉਹਨਾਂ ਬਿਰਖਾਂ ਦੇ ਪੱਤੇ ਹਵਾ ਦੇਣ ਲਗ ਪਏ। ਅਸੀਂ ਦਿੱਲੀ ਉਦੋਂ ਅਕਸਰ ਹੀ ਜਾਂਦੇ ਸੀ। ਦਿੱਲੀ ਵਿਚ ਹਰਮੀਤ ਸਿੰਘ, ਗੁਰਦੀਪ ਸਿੰਘ ਸਰਗਰਮ ਸਨ। ਗੁਰਦੀਪ ਸਿੰਘ ਉਸ ਵੇਲੇ ਨਾਮਧਾਰੀ ਧਰਮਸ਼ਾਲਾ (ਗੁਰਦੁਆਰਾ) ਰਮੇਸ਼ ਨਗਰ ਦਾ ਪ੍ਰਮੁੱਖ ਸੇਵਾਦਾਰ ਸਕੱਤਰ ਸੀ। ਸਰਬ ਅਧਿਕਾਰਤ ਸੇਵਾਦਾਰ। ਗੁਰਦੀਪ ਸਿੰਘ ਕੋਲ ਉਸ ਸਮੇਂ ਆਪਣੀ ਅੰਬੈਸਡਰ ਕਾਰ ਸੀ। ਫਿਲਟਰਾਂ ਦੀਆਂ ਜਾਲੀਆਂ ਬਨਾਉਣ ਦਾ ਕਾਰੋਬਾਰ ਸੀ। ਗੁਰਦੀਪ ਸਿੰਘ ਦੀ ਕਾਰ ਆਪਣਾ ਕੰਮ ਘੱਟ ਕਰਦੀ ਤੇ ਸਾਧ ਸੰਗਤ ਦਾ ਜ਼ਿਆਦਾ। ਕਦੀ ਸਟੇਸ਼ਨ ਤੇ ਕਿਸੇ ਨੂੰ ਲੈਣ ਜਾ ਰਹੀ ਹੈ। ਕਦੇ ਛੱਡਣ, ਕਦੇ ਜਥੇ ਨੂੰ ਦੀਵਾਨ ਲੈਣ ਲਈ ਲਿਜਾ ਰਹੀ ਹੈ ਕਦੇ ਵਰਨੀ ਕਰਨ ਵਾਲੇ ਕਦੇ ਹਵਨ ਵਾਲੇ ਸੋਧੀ ਸਿੰਘਾਂ ਨੂੰ। ਗੁਰਦੀਪ ਸਿੰਘ ਦਾ ਚਾਚਾ ਸੰਤ ਕਰਤਾਰ ਸਿੰਘ ਅੱਖੀਆਂ ਦੀ ਜੋਤ ਤੋਂ ਬਗੈਰ ਹੀ ਸੁਜਾਖਾ ਸੀ। ਉਸ ਰੋਜ਼ ਗੁਰਦੁਆਰੇ ਆਪ ਆਸਾ ਦੀ ਵਾਰ ਦਾ ਕੀਰਤਨ ਕਰਦਾ। ਜੇ ਕੋਈ ਵੱਡਾ ਜਥੇਦਾਰ ਆਉਂਦਾ ਉਹ ਮਗਰ ਹਾਰਮੋਨੀਅਮ ਵਜਾਉਂਦਾ ਜਾਂ ਛੈਣੇ ਜਾਂ ਢੋਲਕ। ਗੁਰਦੀਪ ਸਿੰਘ ਦਾ ਪਿਤਾ ਵੀ ਇਕ ਦਿਨ ਮੈਂ ਦੇਖਿਆ ਮੰਜੇ ਤੇ ਦਿਲਰੁਬਾ ਦਾ ਅਭਿਆਸ ਕਰ ਰਿਹਾ ਹੈ। ਗੁਰਦੀਪ ਸਿੰਘ ਆਪ ਵੀ ਸੰਗੀਤ ਨੂੰ ਮਾਣਦਾ ਸੀ। ਉਹ ਸਾਜ ਦਾ ਅਭਿਆਸ ਵੀ ਕਰਦਾ। ਪਰ ਬਹੁਤਾ ਵਕਤ ਸੰਗੀਤਕਾਰਾਂ ਦੀ ਸੇਵਾ ਵਿਚ ਲਾਉਂਦਾ। ਰਮੇਸ਼ ਨਗਰ ਨਾਮਧਾਰੀ ਗੁਰਦੁਆਰੇ ਦੀ ਹੁਣ ਵਾਲੀ ਸ਼ਾਨ ਨਹੀਂ ਸੀ। (ਇਹ ਬਾਦ ਵਿਚ ਸੰਤ ਸਾਧਾ ਸਿੰਘ ਦੀ ਪ੍ਰਧਾਨਗੀ ਵਿਚ ਬਣੀ ਹੈ) ਪਰ ਸੱਭਿਆਚਾਰਕ ਸਰਗਰਮੀਆਂ ਵਿਚ ਕਦੇ ਸੰਗੀਤ ਸਮਾਗਮ ਕਦੇ ਕਵੀ ਸਮਾਗਮ ਕਦੇ ਕੀਰਤਨ ਸਮਾਗਮਾਂ ਵਿਚ ਗੁਰਦੀਪ ਸਿੰਘ ਲੱਗਾ ਰਹਿੰਦਾ। ਦਿੱਲੀ ਵਿਚ ਉਸਤਾਦ ਹਰਭਜਨ ਸਿੰਘ ਤੇ ਗੁਰਦੇਵ ਸਿੰਘ ਸਰੋਦ ਜਵਾਨ ਅਵਸਥਾ ਵਿਚ ਸਰਗਰਮ ਸਨ। ਗੁਰਦੀਪ ਸਿੰਘ ਨਾਲ ਇਹਨਾਂ ਦਾ ਚੰਗਾ ਮੇਲ ਜੋਲ ਸੀ। ਗੁਰਦੀਪ ਸਿੰਘ ਆਪਣੇ ਖਾਸ ਲਹਿਜੇ ਵਿਚ ਗੁਰਦੇਵ ਸਿੰਘ ਨੂੰ ਗੁਰਦੇਅ....ਵ ਲਮਕਾ ਕੇ ਰਹਿੰਦਾ। ਉਹਨੂੰ ਥੋੜ੍ਹੀ ਗਾਉਣ ਦੀ ਕਸਰ ਵੀ ਸੀ। ਉਹਦਾ ਸਰੀਰ ਮੋਟਾ ਤੇ ਗਲਾ ਵੀ ਭਾਰਾ। ਵਿਚੋਂ ਸਹਿਗਲ ਵਰਗੀ ਗੰਭੀਰ ਆਵਾਜ਼ ਨਿਕਲਦੀ। ਸਹਿਗਲ ਦੇ ਗਾਣੇ ਵੀ ਉਹਨੂੰ ਪਸੰਦ ਸਨ ਅਤੇ ਗਾਉਂਦਾ ਵੀ ਹੁੰਦਾ ਸੀ। ਇਕ ਵਾਰ ਉਸਤਾਦ ਅਮਜਦ ਅਲੀ ਨੇ ਮੰਡੀ ਹਿਮਾਚਲ ਪ੍ਰਦੇਸ ਵਿਚ ਪ੍ਰੋਗਰਾਮ ਦੇਣਾ ਸੀ। ਗੁਰਦੀਪ ਸਿੰਘ ਦੀ ਡਿਊਟੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਲਾਈ ਗਈ ਉਸਤਾਦ ਜੀ ਨੂੰ ਮੰਡੀ ਲੈ ਕੇ ਜਾਣ ਦੀ। ਉਸਤਾਦ ਜੀ ਨੇ ਗੁਰਦੀਪ ਸਿੰਘ ਦੀ ਅੰਬੈਸਡਰ ਕਾਰ ਵਿਚ ਸਫਰ ਕੀਤਾ। ਡਰਾਈਵਰ ਖੁਦ ਗੁਰਦੀਪ ਸਿੰਘ ਹੀ ਸੀ। ਸੰਗੀਤ ਅਤੇ ਸੰਗੀਤਕਾਰਾਂ ਨਾਲ ਮੋਹ ਹੋਣ ਕਰਕੇ ਗੁਰਦੀਪ ਸਿੰਘ ਨੇ ਉਸਤਾਦ ਜੀ ਦਾ ਹਰ ਤਰ੍ਹਾਂ ਖਿਆਲ ਰਖਿਆ। ਗੁਰਦੀਪ ਜ਼ਿੰਦਾ ਦਿਲ ਬੰਦਾ ਸੀ। ਹਾਸ ਵਿਅੰਗ ਝਲਣ ਵਾਲਾ ਤੇ ਕਰਨ ਵਾਲਾ। ਉਸਤਾਦ ਅਮਜਦ ਅਲੀ



Sri Satguru Jagjit Singh Ji eLibrary NamdhariElibrary@gmail.com

ਵੀ ਅਜ਼ੀਮ ਜ਼ਿੰਦਾ ਦਿਲ ਆਰਟਿਸਟ ਹਨ। ਰਸਤੇ ਵਿਚ ਦੋਹਾਂ ਦੀ ਵਾਹਵਾ ਨਿਭੀ। ਉਸਤਾਦ ਜੀ ਨੇ ਪੁਛਿਆ ਆਪ ਭੀ ਸੰਗੀਤ ਕਾ ਸ਼ੌਕ ਰਖਤੇ ਹੈਂ। ਗੁਰਦੀਪ ਨੇ ਝਕਦੇ ਝਕਦੇ ਆਪਣੀ ਅਕੀਦਤ ਪੇਸ਼ ਕੀਤੀ। ਫੇਰ ਗੱਲਾਂ ਖੁਲਦੀਆਂ ਗਈਆਂ ਤੇ ਖਾਂ ਸਾਹਿਬ ਜੀ ਦੀ ਫੁਰਮਾਇਸ਼ ਤੇ ਗੁਰਦੀਪ ਸਹਿਗਲ ਦੇ ਗਾਣੇ ਸੁਣਾਉਂਦਾ ਗਿਆ ਅਤੇ ਉਸਤਾਦ ਜੀ ਵਾਹਵਾ ਕਰੀ ਗਏ। ਇਸ ਤਰ੍ਹਾਂ ਦਿੱਲੀ ਤੋਂ ਚਲਕੇ ਮੰਡੀ ਕਦੋਂ ਆ ਗਈ ਪਤਾ ਹੀ ਨਾ ਲਗਾ। ਗੁਰਦੀਪ ਸਿੰਘ ਆਪਣਾ ਕੰਮ ਛੱਡ ਕੇ ਤੁਰ ਪੈਂਦਾ। ਖਸਮਾਂ ਨੂੰ ਖਾਵੇ ਤੇਰਾ ਘਰ ਵੇ ਚਲ ਮੇਰੇ ਚਲੀਏ।

ਜਦੋਂ ਵਰਿਆਮ ਸ਼ੁਰੂ ਕਰ ਕੇ ਮੈਂ ਪਹਿਲੀ ਵਾਰ ਦਿੱਲੀ ਗਿਆ ਤਾਂ ਸਭੋ ਆਸਰੇ ਭੱਜ ਚੁੱਕੇ ਸਨ। ਉਸ ਵੇਲੇ ਗੁਰਦੀਪ ਨੇ ਆਪਣੀ ਕਾਰ ਕੱਢੀ। ਨਾਲ ਹਰਮੀਤ ਸਿੰਘ ਅਤੇ ਸ਼ਾਇਦ ਹੋਰ ਵੀ ਸਨ ਅਤੇ ਅਸੀਂ ਥਾਂ ਥਾਂ ਅਲੱਖ ਜਗਾਈ। ਵਰਿਆਮ ਦੇ ਏਨੇ ਸਾਲਾਂ ਵਿਚ ਜਦੋਂ ਵੀ ਕਦੇ ਅਲਖ ਮੁਕਾ ਕੇ ਵਿਹਲੇ ਹੋਣ ਦਾ ਸਮਾਂ ਆਉਂਦਾ ਰਿਹਾ ਹੈ ਤਾਂ ਸਾਡੇ ਇਸ ਵਿਹਲ ਸਮਾਗਮ ਵਿਚ ਵਿਘਣ ਪਾਉਣ ਵਾਸਤੇ ਕੋਈ ਨਾ ਕੋਈ ਬਹੁੜਦਾ ਰਿਹਾ ਹੈ। ਇਸ ਲਮੀ ਸੂਚੀ ਵਿਚ ਪਹਿਲਾ ਨਾਮ ਗੁਰਦੀਪ ਸਿੰਘ ਦਾ ਹੈ। ਜੇ ਉਹ ਉਦੋਂ ਆਪਣੀ ਗੱਡੀ ਕੱਢ ਕੇ ਨਾਲ ਨਾ ਤੁਰਦਾ ਤਾਂ ਅਸਾਂ ਆਪਣੀ ਜੀਵਨ ਯਾਤਰਾ ਦੇ ਇਸ ਝਮੇਲੇ ਵਰਿਆਮ ਤੋਂ ਢੇਰ ਚਿਰ ਪਹਿਲਾਂ ਹੀ ਫਾਰਗ ਹੋ ਜਾਣਾ ਸੀ। ਸ਼ਇਦ ਪਹਿਲਾ ਅੰਕ ਹੀ ਆਖਰੀ ਹੁੰਦਾ। ਗੁਰਦੀਪ ਸਿੰਘ ਨਾਲ ਅਸੀਂ ਇੰਗਲੈਂਡ ਵੀ ਗਏ ਅਤੇ ਉਸ ਦੀ ਖਿੜੀ ਸ਼ਖਸੀਅਤ ਅਤੇ ਖੁਲੇ ਸੁਭਾਅ ਦਾ ਨਿੱਘ ਮਾਣਿਆ। ਇਹ ਇਕ ਯਾਦਗਾਰੀ ਸਾਥ ਵਾਲਾ ਸਮਾ ਸੀ। ਖੁਲ੍ਹਾ ਡੁਲ੍ਹਾ ਸਰੀਰ, ਖਾਣਾ ਬੋਲਣਾ ਖਰਚਣਾ ਉਹਦੇ ਸੁਭਾਅ ਦਾ ਅੰਗ ਸੀ। ਵਰਿਆਮ ਦੇ ਸ਼ੁਰੂ ਵੇਲੇ ਦੀ ਹਾਲਤ ਅਸੀਂ ਡਾ. ਜਗਤਾਰ ਦੇ ਸ਼ੇਅਰ ਦੀ ਇਕ ਲਾਈਨ ਨਾਲ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਵਰਿਆਮ ਜਦੋਂ ਸਿਲਵਰ ਜੁਬਲੀ ਮਣਾ ਚੁੱਕਾ ਹੈ ਅਤੇ ਹੁਣ ਅਠਾਈਵੇਂ ਸਾਲ ਦੇ ਅੱਧ ਨੂੰ ਪਾਰ ਕਰ ਚੁੱਕਾ ਹੈ ਤਾਂ ਸਿਲਵਰ ਜੁਬਲੀ ਸਮਾਗਮ ਤੇ ਜੋ ਵੱਡੇ ਬੰਦਿਆਂ ਨੇ ਵਿਚਾਰ ਪੇਸ਼ ਕੀਤੇ ਉਹ ਡਾ. ਜਗਤਾਰ ਦੇ ਪੂਰੇ ਸ਼ੇਅਰ ਨੂੰ ਰੂਪਮਾਨ ਕਰਦੇ ਸਨ।

"ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ"

ਸਲੀਬਾਂ ਅਤੇ ਹਨੇਰਿਆਂ ਵਾਲੇ ਸਫਰ ਤੇ ਜਿਹੜੇ ਕਿਨੇ ਹੀ ਲੋਕ ਹਮ ਕਦਮ ਹੋ ਕੇ ਨਾਲ ਚਲੇ ਗੁਰਦੀਪ ਸਿੰਘ ਦਾ ਨਾਮ ਪ੍ਰਤੱਖ ਦਿਸਦਾ ਹੈ।

*—ਜਗਦੀਸ਼ ਸਿੰਘ*

# ਪੁਸਤਕ ਰਿਲੀਜ਼ ਸਮਾਗਮ

ਪਿਛਲੇ ਦਿਨੀਂ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਕਰਵਾਏ ਇਕ ਉਚੇਚੇ ਪੁਸਤਕ ਰਿਲੀਜ਼ ਸਮਾਰੋਹ ਵਿਚ ਪੰਜਾਬੀ ਦੀਆਂ ਦੋ ਬਹੁਤ ਮਹੱਤਵਪੂਰਨ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਨਵੀਂ ਪੀੜ੍ਹੀ ਦੇ ਪ੍ਰਤੀਨਿਧ ਤੇ ਚਰਚਿਤ ਕਥਾਕਾਰ ਬਲਵਿੰਦਰ ਗਰੇਵਾਲ ਦਾ ਕਹਾਣੀ-ਸੰਗ੍ਰਹਿ 'ਯੁੱਧ-ਖੇਤਰ' ਰਿਲੀਜ਼ ਕਰਦਿਆਂ ਪੰਜਾਬੀ ਦੇ ਪ੍ਰਸਿੱਧ ਕਥਾਕਾਰ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਬਲਵਿੰਦਰ ਗਰੇਵਾਲ ਨੂੰ 'ਸੂਰਜ ਦੀ ਪਿੱਠ' ਨਹੀਂ ਹੁੰਦੀ, 'ਯੁੱਧ ਖੇਤਰ ਤੇ 'ਖੰਡੇ ਦੀ ਧਾਰ' ਜਿਹੀਆਂ ਵਡੇਰੇ ਕਲਾਤਮਕ ਮਹੱਤਵ ਵਾਲੀਆਂ ਗਿਣਤੀ ਦੀਆਂ ਕਹਾਣੀਆਂ ਲਿਖ ਕੇ ਹੀ ਪਹਿਲੀ ਕਤਾਰ ਦੇ ਜ਼ਿਕਰਯੋਗ ਕਥਾਕਾਰ ਵਜੋਂ ਸਥਾਪਤ ਹੋ ਗਿਆ ਹੈ।

ਉਸਦੀ ਪਹਿਲੀ ਹੀ ਪੁਸਤਕ ਦੀ ਪ੍ਰਕਾਸ਼ਨਾ ਭਾਰਤੀ ਸਹਿਤ ਅਕਾਦਮੀ ਦੁਆਰਾ ਕੀਤੇ ਜਾਣਾ ਹੀ ਉਸ ਨੂੰ ਅਸਿੱਧੇ ਤੌਰ 'ਤੇ ਪੰਜਾਬੀ ਦੇ ਚੋਟੀ ਦੇ ਕਥਾਕਾਰ ਵਜੋਂ ਤਸਲੀਮ ਕਰਨਾ ਹੈ। ਭੁਪਿੰਦਰ ਕੌਰ ਪ੍ਰੀਤ ਦਾ ਕੁਕਨੂਸ ਪਬਲੀਸ਼ਰਜ਼ ਜਲੰਧਰ ਦੁਆਰਾ ਪ੍ਰਕਾਸ਼ਤ ਕਾਵਿ ਸੰਗ੍ਰਹਿ ' ਮੈਂ ਸ਼ਬਦਾਂ ਨੂੰ ਕਿਹਾ' ਨੂੰ ਵੀ. ਡਾ. ਵਰਿਆਮ ਸਿੰਘ ਸੰਧੂ ਨੇ ਰਿਲੀਜ਼ ਕੀਤੀ ਤੇ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਭੁਪਿੰਦਰ ਕੌਰ ਪ੍ਰੀਤ ਕੋਲ ਸੰਵੇਦਨਸ਼ੀਲ ਰੂਹ, ਅਹਿਸਾਸ ਦੀ ਬਰੀਕੀ ਹੈ ਤੇ ਸ਼ਬਦਾਂ ਦੀ ਚੋਣ ਅਤੇ ਜੜਤ ਦਾ ਕਮਾਲ ਹੈ। ਫੁੱਲਾਂ, ਪੱਤੀਆਂ, ਸ਼ਬਦਾਂ ਦੇ ਰੰਗਾਂ ਦੇ ਅੰਗ-ਸੰਗ ਨਜ਼ਮਾਂ ਲਿਖਣ ਦੀ ਤਾਂਘ ਰੱਖਣ ਵਾਲੀ ਸ਼ਾਇਰਾ ਤੋਂ ਪੰਜਾਬੀ ਕਵਿਤਾ ਨੂੰ ਬਹੁਤ ਆਸਾਂ ਹਨ। ਇਸ ਮੌਕੇ ਬਲਵਿੰਦਰ ਨਸਰਾਲੀ ਨੇ ਬਲਵਿੰਦਰ ਗਰੇਵਾਲ ਦੀ ਕਹਾਣੀ ਬਾਰੇ ਅਤੇ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਭੁਪਿੰਦਰ ਕੌਰ ਪ੍ਰੀਤ ਦੀ ਕਵਿਤਾ ਬਾਰੇ ਸੰਖੇਪ ਪਰਚੇ ਪੇਸ਼ ਕੀਤੇ ਤੇ ਉਨ੍ਹਾਂ ਦੀਆਂ ਪੁਸਤਕਾਂ ਨੂੰ ਜੀ ਆਇਆ ਆਖਿਆ। ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਨੇ ਦੂਰ-ਦੂਰ ਤੋਂ ਆਏ ਲੇਖਕਾਂ ਤੇ ਵਿਦਵਾਨਾਂ ਦਾ ਭਾਵ ਪੂਰਤ ਸ਼ਬਦਾਂ ਵਿਚ ਧੰਨਵਾਦ ਕੀਤਾ ਤੇ ਅੱਗੇ ਤੋਂ ਵੀ ਚੰਗੇ ਲੇਖਕਾਂ 'ਤੇ ਚੰਗੀਆਂ ਪੁਸਤਕਾਂ ਨੂੰ ਮੰਚ ਮੁਹੱਈਆ ਕਰਵਾਉਂਦੇ ਰਹਿਣ ਦਾ ਵਾਅਦਾ ਕੀਤਾ।

*—ਗੁਰਬਖਸ਼ ਸਿੰਘ ਬੰਨੋਆਣਾ*

# ਡਾ. ਸੁਖਵਿੰਦਰ ਸਿੰਘ

ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਦੇ ਪੰਜਾਬੀ ਵਿਭਾਗ ਦੇ ਅਧਿਆਪਕ ਡਾ. ਸੁਖਵਿੰਦਰ ਸਿੰਘ ਨੂੰ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵਲੋਂ ਬਿਜਲਾਨਵੀ ਸੰਚਾਰ ਮਾਧਿਅਮਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਦੇ ਭਾਸ਼ਾ ਵਿਗਿਆਨਕ ਅਧਿਐਨ ਸਬੰਧੀ ਇਕ ਮੇਜਰ ਰਿਸਰਚ ਪ੍ਰੋਜੈਕਟ ਮਿਲਿਆ ਹੈ। ਯੂ ਜੀ ਸੀ ਵਲੋਂ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਤਕਰੀਬਨ ੫ ਲੱਖ ਰੁਪਏ ਦੀ ਰਾਸ਼ੀ ਤੇ ੩ ਸਾਲ ਦਾ ਸਮਾਂ ਦਿੱਤਾ ਗਿਆ ਹੈ। ਡਾ. ਸੁਖਵਿੰਦਰ ਸਿੰਘ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਹੁਣ ਤੱਕ ੫ ਕਿਤਾਬਾਂ ਅਤੇ ੧੪ ਖੋਜ ਪੱਤਰ ਪ੍ਰਕਾਸ਼ਿਤ ਕਰ ਚੁੱਕੇ ਹਨ। ਇਸ ਤੋਂ ਇਲਾਵਾ ਉਹ ੨੫ ਦੇ ਕਰੀਬ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸੈਮੀਨਾਰਾਂ/ਕਾਨਫਰੰਸਾਂ ਵਿਚ ਭਾਗ ਲੈ ਚੁੱਕੇ ਹਨ।



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ

ਸਿਤਾਰ ਅਤੇ ਤਾਨਪੁਰਾ ਦੇ ਮਾਹਰ



ਰਦਿਆਲ ਸਿੰਘ ਐਂਡ ਸਨਜ਼

ਾਵਾੜਾ ਗੇਟ, ਜਲੰਧਰ ਫੋਨ : ੪੫੯੮੬੯

---

ਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)

Prop. S. Ajit Singh Namdhari

---

ੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ

ਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,

ੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ ਵਧੀਆ

ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪

ਫੋਨ ੨੩੮੭੮੪

---

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ

ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ

ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ

ਇਕਹਿਰੀ ਪੁਲੀ, ਜਲੰਧਰ ਸ਼ਹਿਰ

ਫੋਨ ਨੰ. ੨੩੨੯੯੦

---

**JANTA**

**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

---

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**

**IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, Jalandhar Ph. : 458795, 459056





Sri Satguru Jagjit Singh Ji eLibrary NamdhariElibrary@gmail.com

## ਖ਼ਬਰਨਾਮਾ

# ਪੰਜਾਬੀ ਲੇਖਕ ਸਭ ਜਲੰਧਰ ਵਲੋਂ ਕਹਾਣੀਕਾਰ ਲਾਲ ਸਿੰਘ ਦੇ ਕਥਾ-ਸੰਕਲਨ "ਅੱਧੇ-ਅਧੂਰੇ" 'ਤੇ ਗੋਸ਼ਟੀ

ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਬੀਤੇ ਦਿਨੀਂ (੩.੫.੨੦੦੩) ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਉੱਘੇ ਕਹਾਣੀਕਾਰ ਲਾਲ ਸਿੰਘ ਸੰਕਲਨ 'ਅੱਧੇ ਅਧੂਰੇ' ਉਪਰ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਗਲਪ ਚਿੰਤਕ ਡਾ. ਗੁਰਲਾਲ ਸਿੰਘ ਤੇ ਪ੍ਰਤਿਭਾਵਾਨ ਆਲੋਚਕ ਤੇ ਕਥਾਕਾਰ ਡਾ. ਬਲਦੇਵ ਸਿੰਘ ਧਾਲੀਵਾਲ ਨੇ ਕੀਤੀ। ਪ੍ਰਸਿੱਧ ਕਥਾਕਾਰ ਡਾ. ਵਰਿਆਮ ਸਿੰਘ ਸੰਧੂ ਨੇ ਸਮਾਗਮ ਦੀ ਉਦਘਾਟਨੀ ਰਸਮ ਅਦਾ ਕਰਦਿਆਂ ਕਿਹਾ ਕਿ ਪੰਜਾਬੀ ਲੇਖਕ ਸਭਾ ਜਲੰਧਰ ਵਧਾਈ ਦੀ ਹੱਕਦਾਰ ਹੈ। ਜਿਸਨੇ ਲਾਲ ਸਿੰਘ ਵਰਗੇ ਸਮਰਥ ਪਰ ਆਪਣੀ ਚਰਚਾ ਕਰਵਾਉਣ ਦੇ ਅਵਸਰ ਪੈਦਾ ਕਰਨ ਦੀ ਜੁਗਾੜਬੰਦੀ ਤੋਂ ਬੇ-ਪ੍ਰਵਾਹ ਲੇਖਕ ਦੀ ਪੁਸਤਕ 'ਤੇ ਵਿਚਾਰ ਚਰਚਾ ਕਰਵਾਉਣ ਅਤੇ ਉਸਦੇ ਮਹੱਤਵ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਆਪਣੇ ਫਰਜ਼ ਨੂੰ ਪਛਾਣ ਕੇ ਇਸ ਸਮਾਗਮ ਦਾ ਆਯੋਜਨ ਕੀਤਾ ਹੈ ਅਤੇ ਪੰਜਾਬੀ ਦੇ ਇਸ ਮਹੱਤਵਪੂਰਨ ਕਥਾਕਾਰ ਦੇ ਸਾਹਿਤਕ ਮਹੱਤਵ ਦਾ ਮੁਲਾਂਕਣ ਕਰਨ ਲਈ ਡਾ. ਕੁਲਵੰਤ ਸਿੰਘ ਸੰਧੂ ਵਰਗੇ ਜ਼ਹੀਨ ਗਲਪ ਆਲੋਚਕ ਤੋਂ ਪਰਚਾ ਲਿਖਵਾਉਣ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ। ਡਾ. ਵਰਿਆਮ ਸਿੰਘ ਸੰਧੂ ਦੇ ਭਾਵਪੂਰਤ ਉਦਘਾਟਨੀ ਸ਼ਬਦਾਂ ਤੋਂ ਬਾਅਦ ਨੌਜਵਾਨ ਗਲਪ ਚਿੰਤਕ ਡਾ. ਕੁਲਵੰਤ ਸਿੰਘ ਸੰਧੂ ਨੇ ਲਾਲ ਸਿੰਘ ਦੀਆਂ ਕਹਾਣੀਆਂ ਦੇ ਵਸਤੂ ਅਤੇ ਉਹਨਾਂ ਕਹਾਣੀਆਂ ਦੀ ਸਰੰਚਨਾ ਬਾਰੀਕੀਆਂ ਨੂੰ ਸਮਝਣ/ਪਹਿਚਾਨਣ ਵਾਲਾ ਆਪਣਾ ਮਿਆਰੀ ਖੋਜ-ਪੱਤਰ ਪ੍ਰਸਤੁੱਤ ਕੀਤਾ। ਡਾ. ਕੁਲਵੰਤ ਸਿੰਘ ਸੰਧੂ ਦੇ ਬੌਧਿਕ ਤੇ ਭਾਵ-ਪੂਰਤ ਖੋਜ-ਪੱਤਰ ਤੋਂ ਉਪਰੰਤ ਹੋਣ ਵਾਲੀ ਵਿਚਾਰ-ਚਰਚਾ ਦਾ ਆਰੰਭ ਕਰਦਿਆਂ ਡਾ. ਹਰਜਿੰਦਰ ਸਿੰਘ ਅਟਵਾਲ ਨੇ ਡਾ. ਕੁਲਵੰਤ ਸਿੰਘ ਸੰਧੂ ਦੇ ਗੰਭੀਰ ਅਤੇ ਹਰ ਲਿਹਾਜ਼ ਨਾਲ ਉੱਤਮ ਪਰਚੇ ਦੀ ਸ਼ਲਾਘਾ ਕੀਤੀ ਜਿਸ ਵਿਚ ਲਾਲ ਸਿੰਘ ਦੀ ਕਲਾਤਮਕ ਪ੍ਰਤਿਭਾ ਨੂੰ ਪਹਿਚਾਨਣ ਦੀ ਕੋਸ਼ਿਸ਼ ਕੀਤੀ ਗਈ। ਇਸ ਵਿਚਾਰ ਚਰਚਾ ਵਿਚ ਨਵਤੇਜ ਗੜ੍ਹਦੀਵਾਲਾ, ਬਲਦੇਵ ਸਿੰਘ ਬੱਲੀ, ਹਰਵਿੰਦਰ ਭੰਡਾਲ, ਡਾ. ਤਜਿੰਦਰ ਵਿਰਲੀ, ਡਾ. ਇਕਬਾਲ ਸਿੰਘ ਭੋਮਾ, ਡਾ. ਸੁਖਪਾਲ ਸਿੰਘ ਥਿੰਦ, ਪੰਮੀ ਦੀਵੇਦੀ, ਬਲਬੀਰ ਸਿੰਘ ਮੁਕ... ਆਂ, ਪ੍ਰਦੀਪ ਕੁਮਾਰ ਥਿੰਦ, ਹਰਭਜਨ ਸਿੰਘ ਬਟਾਲਵੀ, ਉੱਘੇ ਕਥਾਕਾਰ ਸ੍ਰੀ ਪ੍ਰੇਮ ਪ੍ਰਕਾਸ਼, ਪ੍ਰੋ. ਪਿਆਰਾ ਸਿੰਘ ਭੋਗਲ ਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ ਵੀ ਭਰਪੂਰ ਯੋਗਦਾਨ ਪਾਇਆ।

ਪ੍ਰਧਾਨਗੀ ਸ਼ਬਦ ਬੋਲਦਿਆਂ ਡਾ. ਬਲਦੇਵ ਸਿੰਘ ਧਾਲੀਵਾਲ ਨੇ ਕਿਹਾ ਕਿ ਲਾਲ ਸਿੰਘ ਦੀਆਂ ਪ੍ਰਗਤੀਵਾਦ ਦ੍ਰਿਸ਼ਟੀਕੋਣ ਦੇ ਉਲਾਰ ਮੋਹ ਤੋਂ ਮੁਕਤ ਹੋ ਕੇ ਲਿਖੀਆਂ ਗਈਆਂ ਕਹਾਣੀਆਂ ਵਿਚ ਯਥਾਰਥ ਦੀ ਕਲਾਤਮਕ ਤਸਵੀਰ ਪੇਸ਼ ਹੋ ਸਕੀ ਹੈ। ਜਿਥੇ ਉਹ ਇਸ ਮੋਹ ਦਾ ਸ਼ਿਕਾਰ ਹੋਇਆ ਉਥੇ ਕਥਾ ਦਾ ਸੰਤੁਲਨ ਡੋਲ ਗਿਆ। ਡਾ. ਗੁਰਲਾਲ ਸਿੰਘ ਨੇ ਲਾਲ ਸਿੰਘ ਦੀ ਕਹਾਣੀ ਨੂੰ ਸਿਧਾਂਤਕ ਪੱਧਰ ਤੇ ਬਿਰਤਾਂਤ-ਸ਼ਾਸਤਰੀ ਮਾਡਲ ਅਨੁਸਾਰ ਸਮਝਾਉਣ ਦਾ ਸਫਲ ਉਪਰਾਲਾ ਕੀਤਾ। ਦੋਹਾਂ ਵਿਦਵਾਨਾਂ ਨੇ ਵਿਚਾਰ ਚਰਚਾ ਨੂੰ ਸਫਲ ਕਰਾਰ ਦਿੱਤਾ।

ਅਖੀਰ ਵਿਚ ਕਹਾਣੀਕਾਰ ਲਾਲ ਸਿੰਘ ਨੇ ਆਪਣੀਆਂ ਕਥਾ ਰਚਨਾਵਾਂ ਤੇ ਵਿਚਾਰ ਚਰਚਾ ਕਰਵਾਉਣ ਲਈ ਪੰਜਾਬੀ ਲੇਖਕ ਸਭਾ ਜਲੰਧਰ ਦਾ ਧੰਨਵਾਦ ਕੀਤਾ ਅਤੇ ਆਪਣੇ ਪਾਠਕਾਂ ਤੇ ਸਨੇਹੀਆਂ ਨੂੰ ਯਕੀਨ ਦਿਵਾਇਆ ਕਿ ਉਹ ਆਉਣ ਵਾਲੇ ਸਮੇਂ ਵਿਚ ਵੀ ਪੂਰੀ ਪ੍ਰਤੀਬੱਧਤਾ ਵਾਲ ਸਾਹਿਤ ਸਿਰਜਣਾ ਕਰਦਾ ਰਹੇਗਾ। ਸਮਾਗਮ ਦੇ ਅਖੀਰ ਵਿਚ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਨੇ ਸਮਾਗਮ ਵਿਚ ਪਹੁੰਚੇ ਵਿਦਵਾਨਾਂ ਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਉੱਘੇ ਪੱਤਰਕਾਰ ਕਾਮਰੇਡ ਜਗਜੀਤ ਸਿੰਘ ਆਨੰਦ ਅਤੇ ਬਜ਼ੁਰਗ ਦੇਸ਼-ਭਗਤ ਬਾਬਾ ਭਗਤ ਸਿੰਘ ਬਿਲਗਾ ਤੋਂ ਇਲਾਵਾ ਉਰਮਲਾ ਆਨੰਦ, ਡਾ. ਉਮਿੰ... ਜੌਹਲ, ਡਾ. ਸੁਰਜੀਤ ਮੁਕਤਸਰ, ਬ... ਬੀਰ ਪਰਵਾ..., ਡਾ. ਸੁਖਵਿੰਦਰ ਸੰਘਾ, ਅਮਰੀਕ ਡੋਗਰਾ, ਦੇਸ ਰਾਜ ਕਾਲੀ, ਰਜਿੰਦਰ ਬਿਮਲ, ਜੱਸ ਮੰਡ, ਸੁਕੀਰਤ, ਸੀ ਐਲ. ਚੁੰਬਰ, ਮ...ਦਰ ਕਾਂਗ, ਨਿੰਦਰ ਘੁਗਿਆਣਵੀ, ... ਜਾਗੀਰ ਸਿੰਘ ਕਾਹਲੋਂ, ਸਮੇਤ ਸੱਠ ਕੁ ਵਿਦਵਾਨ ਹਾਜ਼ਰ ਸਨ। ਮੰਚ ਸੰਚਾਲਨ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਸਫਲਤਾ ਸਹਿਤ ਕੀਤਾ।

*—ਰਿਪੋਰਟ : ਡਾ. ਤੇਜਿੰ... ...ਲੀ*



Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦਾ ਜਨਰਲ ਇਜਲਾਸ

### ਪੰਜਾਬੀ ਭਾਸ਼ਾ ਐਕਟ 'ਚ ਸਜ਼ਾ ਦੀ ਧਾਰਾ ਸ਼ਾਮਲ ਕਰਨ ਦੀ ਮੰਗ

ਲੁਧਿਆਣਾ—ਪੰਜਾਬੀ ਸਾਹਿਤ ਅਕਾਦਮੀ ਦੀ ਸਲਾਨਾ ਆਮ ਇਕੱਤਰਤਾ ਰਾਣਾ ਦਲਜੀਤ ਸਿੰਘ ਯਾਦਗਾਰੀ ਹਾਲ ਵਿਚ ਡਾ. ਸੁਰਜੀਤ ਪਾਤਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਪੰਜਾਬੀ ਸਾਹਿਤ ਅਕਾਡਮੀ ਦੇ ਪੰਜਾਬ ਭਰ ਤੋਂ ਆਏ ਮੈਂਬਰਾਂ ਨੇ ਹਿੱਸਾ ਲਿਆ। ਸਭ ਤੋਂ ਪਹਿਲਾਂ ਪਿਛਲੇ ਸਾਲ ਦੌਰਾਨ ਅਕਾਡਮੀ ਦੇ ਸਦੀਵੀ ਵਿਛੋੜਾ ਦੇ ਗਏ ਮੈਂਬਰਾਂ ਪ੍ਰਿੰ. ਗੁਰਨਾਮ ਸਿੰਘ ਬਿੰਝਲ, ਡਾ. ਹਰਿਭਜਨ ਸਿੰਘ, ਡਾ. ਕਰਮ ਸਿੰਘ ਗਿੱਲ, ਦਵਿੰਦਰ ਸਤਿਆਰਥੀ, ਪ੍ਰੀਤਮ ਸਿੰਘ ਕਵੀ, ਹਰਜੀਤ ਸਿੰਘ ਬੇਦੀ, ਡਾ. ਬਲਵਿੰਦਰ ਸਿੰਘ, ਡਾ. ਮਨਜੀਤ ਸਿੰਘ, ਡਾ. ਹਜ਼ਾਰਾ ਸਿੰਘ ਤੇ ਬਲਵੰਤ ਗਾਰਗੀ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ। ਨਾਲ ਹੀ ਅਕਾਡਮੀ ਦੇ ਬਿਮਾਰ ਮੈਂਬਰਾਂ ਦੀ ਸਿਹਤਯਾਬੀ ਲਈ ਦੁਆ ਕੀਤੀ ਗਈ।

ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਨੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਕ ਮਤੇ ਰਾਹੀਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਪੰਜਾਬੀ ਭਾਸ਼ਾ ਨੂੰ ਇਸ ਦਾ ਬਣਦਾ ਸਨਮਾਨਯੋਗ ਸਥਾਨ ਦਿੱਤਾ ਜਾਵੇ। ਦਫਤਰਾਂ ਵਿਚ ਪੰਜਾਬੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਕੁਤਾਹੀ ਕਰਨ ਵਾਲਿਆਂ ਵਾਸਤੇ ਪੰਜਾਬੀ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਸ਼ਾਮਲ ਕੀਤੀ ਜਾਵੇ। ਇਹ ਮੰਗ ਵੀ ਕੀਤੀ ਗਈ ਕਿ ਪੰਜਾਬੀ ਸਾਹਿਤ ਅਕਾਡਮੀ ਦੀ ਗੋਲਡਨ ਜੁਬਲੀ ਮੌਕੇ ਯਾਦਗਾਰੀ ਟਿਕਟ ਜਾਰੀ ਕੀਤਾ ਜਾਵੇ।

ਸਰਕਾਰੀ ਅਤੇ ਗੈਰ ਸਰਕਾਰੀ ਵਿਦਿਅਕ ਅਦਾਰਿਆਂ ਵਿਚ ਮੁਢਲੀਆਂ ਜਮਾਤਾਂ ਦੀ ਪੜ੍ਹਾਈ ਮਾਤ-ਭਾਸ਼ਾ ਰਾਹੀਂ ਕਰਵਾਉਣ ਲਈ ਸਖਤ ਕਾਨੂੰਨੀ ਤੇ ਪ੍ਰਬੰਧਕੀ ਕਦਮ ਉਠਾਏ ਜਾਣ ਅਤੇ ਪੰਜਾਬ ਦੇ ਸਾਰੇ ਸਕੂਲਾਂ ਦਾ ਸਿਲੇਬਸ ਇਕਸਾਰ ਕਰਨ ਦੀ ਵੀ ਮੰਗ ਕੀਤੀ ਗਈ। ਪੰਜਾਬੀ ਭਾਸ਼ਾ ਦੇ ਭਵਿੱਖ-ਮੁਖੀ ਵਿਕਾਸ ਲਈ ਇਕ ਉੱਚ ਪੱਧਰੀ ਤਕਨੀਕੀ ਕਮੇਟੀ ਦਾ ਗਠਨ ਕਰਨ ਅਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਪ੍ਰਤੀ ਸੁਹਿਰਦਤਾ ਨਾਲ ਕੰਮ ਕਰ ਰਹੀਆਂ ਸੰਸਥਾਵਾਂ ਲਈ ਯੋਗ ਸਲਾਨਾ ਗ੍ਰਾਂਟ ਮੁਹੱਈਆ ਕੀਤੇ ਜਾਣ ਦੀ ਵੀ ਮੰਗ ਉਠਾਈ ਗਈ। ਅਸ਼ਲੀਲ ਕੈਸਿਟ ਸੱਭਿਆਚਾਰ ਦੀ ਥਾਂ ਸਿਹਤਮੰਦ ਪੁਸਤਕ ਸੱਭਿਆਚਾਰ ਉਸਾਰਨ ਲਈ ਯਤਨਸ਼ੀਲ ਹੋਣ ਅਤੇ ਆਪਣੇ ਘਰ ਦਾ ਇਕ ਕੋਨਾ ਪੰਜਾਬੀ ਦੀਆਂ ਉੱਤਮ ਪੁਸਤਕਾਂ ਲਈ ਰਾਖਵਾਂ ਰੱਖਣ 'ਤੇ ਵੀ ਜ਼ੋਰ ਦਿੱਤਾ ਗਿਆ।

ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ ਨੇ ਅਕਾਡਮੀ ਦੀ ੨੦੦੨-੨੦੦੩ ਦੀ ਜਨਰਲ ਰਿਪੋਰਟ ਪੜ੍ਹੀ ਅਤੇ ਅਗਲੇ ਸਾਲ ਲਈ ਅਨੁਮਾਨਤ ਆਮਦਨ ਖਰਚ ਦਾ ਬਜਟ ਪੇਸ਼ ਕੀਤਾ, ਜਿਸ ਨੂੰ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕੀਤਾ। ਇਸ ਮੌਕੇ ਅਕਾਡਮੀ ਵਲੋਂ ਅਗਲੇ ਸਮੇਂ ਦੌਰਾਨ ਕੀਤੇ ਜਾਣ ਵਾਲੇ ਪ੍ਰੋਗਰਾਮ ਉਲੀਕੇ ਗਏ। ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਭੱਠਲ ਨੇ ਦੱਸਿਆ ਕਿ ਅਕਾਡਮੀ ਆਪਣੇ ੫੦ਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਇਸ ਲਈ ਗੋਲਡਨ ਜੁਬਲੀ ਦੇ ਵਰ੍ਹੇ ਵਿਚ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ। ਅਕਾਡਮੀ ਦੀ ਕਾਰਜਕਾਰਨੀ ਵਲੋਂ ਅਕਾਡਮੀ ਦੇ ਸਾਬਕਾ ਪ੍ਰਧਾਨ ਅਮਰੀਕ ਸਿੰਘ ਪੂਨੀ ਨੂੰ ਅਕਾਡਮੀ ਦੀ ਫੈਲੋਸ਼ਿਪ ਦੇਣ ਦਾ ਫੈਸਲਾ ਵੀ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਇਸ ਮੌਕੇ ਅਕਾਡਮੀ ਦੇ ਪਿਛਲੇ ਵਰ੍ਹੇ ਦੀਆਂ ਗਤੀਵਿਧੀਆਂ ਦਾ ਸਮਾਚਾਰ ਪੱਤਰ "ਸਾਹਿਤ ਸਰਗਮ" ਜਗਦੀਸ਼ ਸਿੰਘ ਵਰਿਆਮ ਨੇ ਰਿਲੀਜ਼ ਕੀਤਾ, ਜਿਸ ਦੀ ਪਹਿਲੀ ਕਾਪੀ ਉਨ੍ਹਾਂ ਪ੍ਰਸਿੱਧ ਕਹਾਣੀਕਾਰ ਵਰਿਆਮ ਸੰਧੂ ਨੂੰ ਭੇਟ ਕੀਤੀ।

*ਪੰਜਾਬੀ ਟ੍ਰਿਬਿਊਨ*
*੭.੫.੨੦੦੩*

## ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵਲੋਂ ਸੁਰਮਈ ਸ਼ਾਮ

ਲੁਧਿਆਣਾ—"ਪੰਜਾਬੀ ਸਭਿਆਚਾਰ ਦੇ ਨਾਂ 'ਤੇ ਜੋ ਕੁਝ ਵੀ ਮੀਡੀਆ ਦਿਖਾ ਰਿਹਾ ਹੈ ਉਹ ਸਾਰਾ ਹੀ ਸਭਿਆਚਾਰ ਨਹੀਂ ਸਗੋਂ ਵਿਭਚਾਰ ਹੈ।" ਇਹ ਵਿਚਾਰ ਪੰਜਾਬੀ ਸਾਹਿੱਤ ਅਕਾਡਮੀ ਵਲੋਂ ਹਰ ਮਹੀਨੇ ਦੇ ਪਹਿਲੇ ਸ਼ਨੀਵਾਰ ਕਰਵਾਈ ਜਾ ਰਹੀ ਸੁਰਮਈ ਸ਼ਾਮ ਮੌਕੇ ਸ. ਬੀਰਦਵਿੰਦਰ ਸਿੰਘ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਆਖਿਆ ਕਿ ਅੱਜ ਪੰਜਾਬੀ ਸਭਿਆਚਾਰ ਨੂੰ ਢਾਅ ਲਾਉਣ ਵਾਲੀਆਂ ਤਾਕਤਾਂ ਵਧੇਰੇ ਬਲਵਾਨ ਤੇ ਭਾਰੂ ਹਨ। ਪਰ ਕੁਝ ਅਜਿਹੇ ਵੀ ਲੋਕ ਹਨ ਜਿਹੜੇ ਇਸ ਸਭਿਆਚਾਰ ਨੂੰ ਜਿਊਂਦਾ ਰੱਖਣ ਅਤੇ ਪ੍ਰਫੁੱਲਤ ਕਰਨ ਲਈ ਆਗੂ ਰੋਲ ਨਿਭਾਉਣ ਲਈ ਅੱਗੇ ਆਏ ਹਨ। ਉਨ੍ਹਾਂ ਪੰਜਾਬੀ ਸਾਹਿਤ ਅਕਾਡਮੀ ਵਲੋਂ ਕਰਵਾਈ ਜਾ ਰਹੀ ਇਸ ਸ਼ਾਮ ਨੂੰ ਸਿਜਦਾ ਕਰਦਿਆਂ ਆਖਿਆ ਕਿ ਉਹ ਰਾਜਨੀਤਕ ਝਮੇਲਿਆਂ ਤੋਂ ਨਿਕਲਕੇ ਇਸ ਸੁਰਮਈ ਸ਼ਾਮ ਵਿਚ ਸ਼ਿਰਕਤ ਕਰਿਆ



Sri Satguru Jagjit Singh Ji eLibrary NamdhariElibrary@gmail.com

ਕਰਨਗੇ। ਉਨ੍ਹਾਂ ਆਖਿਆ ਕਿ ਪੰਜਾਬੀ ਕਲਚਰ ਨੂੰ ਮੀਡੀਏ ਨੇ ਏਨੇ ਦੂਸ਼ਤ ਕਰ ਦਿੱਤਾ ਹੈ ਕਿ ਇਹ ਲੋਕ ਤਾਂ ਗ਼ਜ਼ਲ 'ਤੇ ਵੀ ਪੋਪ ਡਾਂਸ ਕਰ ਸਕਦੇ ਹਨ। ਸ. ਬੀਰਦਵਿੰਦਰ ਸਿੰਘ ਨੇ ਆਖਿਆ ਕਿ ਇਹੋ ਜਿਹੀਆਂ ਮਹਿਫਲਾਂ ਪਿੰਡ-ਪਿੰਡ ਸ਼ਹਿਰ-ਸ਼ਹਿਰ ਆਯੋਜਤ ਕਰਨ ਦੀ ਲੋੜ ਹੈ ਤਾਂ ਕਿ ਪੰਜਾਬੀ ਵਿਰਸੇ ਨੂੰ ਸੰਭਾਲਿਆ ਜਾ ਸਕੇ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਇਸ ਮੌਕੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪੰਜਾਬੀ ਅਕਾਡਮੀ ਦਾ ਇਹ ਇਕ ਯਤਨ ਹੈ ਕਿ ਪੰਜਾਬੀ ਦੀ ਸੰਜੀਦਾ ਗਾਇਕੀ ਨੂੰ ਸੰਭਾਲਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਅਕਾਡਮੀ ਵਲੋਂ ਪਿਛਲੇ ਇਕ ਸਾਲ ਤੋਂ ਇਹ ਲੜੀ ਸੁਰਮਈ ਸ਼ਾਮ ਦੀ ਚਲਾਈ ਜਾ ਰਹੀ ਹੈ। ਇਸ ਵਿਚ ਹੁਣ ਤਕ ਪੰਜਾਬੀ ਦੇ ਨਾਮਵਰ ਫਨਕਾਰ ਆਪਣੀ ਕਲਾ ਦਾ ਪ੍ਰਗਟਾਵਾ ਕਰ ਚੁੱਕੇ ਹਨ। ਆਉਣ ਵਾਲੇ ਸਮੇਂ ਵਿਚ ਵੀ ਅਕਾਡਮੀ ਇਸ ਲੜੀ ਨੂੰ ਜਾਰੀ ਰੱਖੇਗੀ।

ਇਸ ਸੁਰਮਈ ਸ਼ਾਮ ਮੌਕੇ ਅੰਮ੍ਰਿਤਸਰ ਤੋਂ ਆਏ ਰਮੇਸ਼ ਭਗਤ ਨੇ ਆਪਣੀ ਗਾਇਕੀ ਰਾਹੀਂ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਉਨ੍ਹਾਂ ਪੰਜਾਬੀ, ਹਿੰਦੀ ਤੇ ਉਰਦੂ ਸ਼ਾਇਰੀ ਨੂੰ ਪੇਸ਼ ਕੀਤਾ। ਸ਼ਿਵ ਕੁਮਾਰ ਬਟਾਲਵੀ ਦਾ ਗੀਤ 'ਕੀ ਪੁੱਛਦੇ ਹੋ ਹਾਲ ਫਕੀਰਾਂ ਦਾ, ਸਾਡਾ ਨਦੀਉਂ ਵਿਛੜੇ ਨੀਰਾਂ ਦਾ,' 'ਵਹੀ ਮਿਜ਼ਾਜ, ਵਹੀ ਚਾਲ ਹੈ ਜ਼ਮਾਨੇ ਕੀ, ਹਮੇ ਭੀ ਹੋ ਗਈ ਹੈ ਆਦਤ ਫਰੇਬ ਖਾਨੇ ਕੀ' ਤੇ ਪੰਜਾਬੀ ਦੇ ਸਿਰਮੌਰ ਕਵੀ ਡਾ. ਸੁਰਜੀਤ ਪਾਤਰ ਦੀ 'ਲੱਗੀ ਜੋ ਤੇਰੇ ਕਾਲਜੇ ਹਾਲੇ ਛੁਰੀ ਨਹੀਂ, ਇਹ ਨਾ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ' ਪੇਸ਼ ਕੀਤੀ। ਇਸ ਉਪਰੰਤ ਇਸ ਸ਼ਾਮ ਦੇ ਮੁਖ ਕਲਾਕਾਰ ਦਿਲਜੀਤ ਸਿੰਘ ਨੇ ਆਪਣੀ ਗਾਇਕੀ ਰਾਹੀਂ ਸਰੋਤਿਆਂ ਨੂੰ ਕੀਲਿਆ। ਉਨ੍ਹਾਂ ਪੰਜਾਬੀ ਸ਼ਾਇਰੀ ਨੂੰ ਆਪਣੇ ਬੋਲਾਂ ਰਾਹੀਂ ਪੇਸ਼ ਕੀਤਾ। ਪ੍ਰੋਗਰਾਮ ਦੇ ਸੰਯੋਜਕ ਸ੍ਰੀ ਜਸਵੰਤ ਜ਼ਫ਼ਰ ਨੇ ਦਿਲਜੀਤ ਸਿੰਘ ਦੇ ਗਾਇਕੀ ਸਫ਼ਰ ਬਾਰੇ ਜਾਣ-ਪਛਾਣ ਕਰਾਉਂਦਿਆਂ ਕਿਹਾ ਕਿ ਉਨ੍ਹਾਂ ਗਾਇਕੀ ਨੂੰ ਬਚਪਨ ਤੋਂ ਹੀ ਅਪਨਾ ਲਿਆ ਸੀ। ਉਨ੍ਹਾਂ ਤੀਜੀ ਜਮਾਤ ਤੋਂ ਹੀ ਸਕੂਲ ਵਿਚ ਬਾਲ-ਦਰਬਾਰ ਵਿਚ ਆਪਣਾ ਕਲਾਮ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਉਨ੍ਹਾਂ ਦਾ ਇਹ ਸਫ਼ਰ ਸਕੂਲ, ਕਾਲਜ ਅਤੇ ਉਚੇਰੀ ਵਿਦਿਆ ਮੌਕੇ ਨਾਲ-ਨਾਲ ਚਲਦਾ ਰਿਹਾ। ਉਨ੍ਹਾਂ ਦੱਸਿਆ ਕਿ ਰਾਂਚੀ ਵਿਚ ਇੰਜਨੀਅਰਿੰਗ ਦੀ ਡਿਗਰੀ ਕਰਦਿਆਂ ਉਨ੍ਹਾਂ ਰਾਂਚੀ ਰੇਡੀਓ ਤੋਂ ੧੯੭੮ ਵਿਚ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੀ ਆਵਾਜ਼ ਕਲਕੱਤਾ, ਇੰਦੌਰ, ਜਲੰਧਰ, ਦਿੱਲੀ ਰੇਡੀਓ ਅਤੇ ਟੀ. ਵੀ. 'ਤੇ ਪ੍ਰਸਾਰਿਤ ਹੁੰਦੀ ਰਹੀ ਹੈ।

ਉਨ੍ਹਾਂ ਬੁੱਲੇ ਸ਼ਾਹ, ਸ਼ਿਵ ਕੁਮਾਰ ਬਟਾਲਵੀ, ਡਾ. ਸੁਰਜੀਤ ਪਾਤਰ, ਸ੍ਰੀ ਇੰਦਰਜੀਤ ਹਸਨਪੁਰੀ, ਪ੍ਰੋ. ਗੁਰਭਜਨ ਗਿੱਲ ਤੋਂ ਇਲਾਵਾ ਹਿੰਦੀ, ਉਰਦੂ ਦੀ ਸ਼ਾਇਰੀ ਨੂੰ ਪੇਸ਼ ਕੀਤਾ। ਡਾ. ਸੁਰਜੀਤ ਪਾਤਰ ਦੀ ਗ਼ਜ਼ਲ 'ਕੀ ਖ਼ਬਰ ਸੀ ਜਗ ਤੈਨੂੰ ਇਸ ਤਰ੍ਹਾਂ ਭੁੱਲ ਜਾਏਗਾ, ਡਾਕ ਨਿੱਤ ਆਏਗੀ ਪਰ ਤੇਰੇ ਨਾਂ ਦਾ ਖ਼ਤ ਨਹੀਂ ਆਏਗਾ'; ਪ੍ਰੋ. ਗੁਰਭਜਨ ਗਿੱਲ ਦੀ ਗ਼ਜ਼ਲ 'ਦੂਰ ਗਿਆਂ ਜਦ ਰਾਤ ਪੈਣ ਤੇ ਘਰ ਦਾ ਚੇਤਾ ਆਏਗਾ, ਵੇਖ ਲਈ ਤੂੰ ਗਾਉਂਦਾ ਪੰਛੀ ਟਾਹਣੀ ਫੜ ਕੁਰਲਾਏਗਾ' ਆਦਿ ਗ਼ਜ਼ਲਾਂ ਪੇਸ਼ ਕੀਤੀਆਂ।

ਇਸ ਸੁਰਮਈ ਸ਼ਾਮ ਦੀ ਸ਼ਮ੍ਹਾਂ ਰੌਸ਼ਨ ਸ. ਬੀਰਦਵਿੰਦਰ ਸਿੰਘ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਕੀਤੀ। ਉਨ੍ਹਾਂ ਅਕਾਡਮੀ ਲਈ ਇਕ ਜਨਰੇਟਰ ਖਰੀਦਣ ਲਈ ੫੦ ਹਜ਼ਾਰ ਰੁਪਏ ਦੀ ਸਹਾਇਤਾ ਦਾ ਐਲਾਨ ਕੀਤਾ। ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਨੇ ਸ. ਬੀਰਦਵਿੰਦਰ ਸਿੰਘ ਨੂੰ ਪੰਜਾਬੀ ਕਵਿਤਾ ਦੀਆਂ ਪੁਸਤਕਾਂ ਭੇਂਟ ਕਰਕੇ ਸਨਮਾਨਤ ਕੀਤਾ। ਪੰਜਾਬੀ ਸਾਹਿੱਤ ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ ਨੇ ਮੁਖ ਮਹਿਮਾਨ ਸ. ਬੀਰਦਵਿੰਦਰ ਸਿੰਘ ਅਤੇ ਹਾਜ਼ਰ ਸਰੋਤਿਆਂ ਦਾ ਇਸ ਮਹਿਫਲ ਵਿਚ ਪਹੁੰਚਣ ਉਤੇ ਹਾਰਦਿਕ ਧੰਨਵਾਦ ਕੀਤਾ। ਇਸ ਮਹਿਫਲ ਦੀ ਕਾਰਵਾਈ ਸ੍ਰੀ ਜਸਵੰਤ ਜ਼ਫ਼ਰ ਨੇ ਨਿਭਾਈ।

*—ਬੁੱਧ ਸਿੰਘ ਨੀਲੋਂ*

## ਸੰਤ ਨਾਮਦੇਵ ਫੈੱਡਰੇਸ਼ਨ ਪੰਜਾਬ ਵਲੋਂ ਧਾਮੀ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ

ਜਲੰਧਰ—ਸੰਤ ਨਾਮਦੇਵ ਫੈੱਡਰੇਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਸਵ. ਅਵਤਾਰ ਸਿੰਘ ਧਾਮੀ ਦਾ ਸ਼ਰਧਾਂਜਲੀ ਸਮਾਗਮ ਬੀਤੇ ਦਿਨੀਂ ਨਾਮਦੇਵ ਭਵਨ, ਮਾਡਲ ਹਾਉਸ ਵਿਖੇ ਮਨਾਇਆ ਗਿਆ, ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਸਰਦਾਰ ਧਾਮੀ ਦੀ ਸ਼ਖਸੀਅਤ 'ਤੇ ਰੌਸ਼ਨੀ ਪਾਈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ. ਸੁਰਜੀਤ ਸਿੰਘ ਮਿਨਹਾਸ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਰਦਾਰ ਧਾਮੀ ਵਰਗੇ ਵਿਅਕਤੀ ਆਪਣੀ ਦੇਣ ਸਦਕਾ ਹਮੇਸ਼ਾ ਸਮਾਜ ਵਿੱਚ ਯਾਦ ਕੀਤੇ ਜਾਂਦੇ ਹਨ। ਨਗਰ ਨਿਗਮ ਦੇ ਕੌਂਸਲਰ ਅਤੇ ਜ਼ਿਲਾ ਟਾਂਕ ਕਸ਼ਤਰੀ ਸਭਾ ਦੇ ਪ੍ਰਧਾਨ ਸ਼੍ਰੀ ਮਨੋਹਰ ਲਾਲ ਨੇ ਕਿਹਾ ਕਿ ਅਵਤਾਰ ਸਿੰਘ ਧਾਮੀ ਇਕ ਮਹਾਪੁਰਸ਼ ਸਨ, ਜਿਨ੍ਹਾਂ ਨੇ ਦੇਸ਼, ਕੌਮ ਅਤੇ ਬਰਾਦਰੀ ਦੇ ਕਾਰਜਾਂ ਵਿੱਚ



Sri Satguru Jagjit Singh Ji eLibrary NamdhariElibrary@gmail.com

ਉੱਚ-ਯੋਗਦਾਨ ਪਾਇਆ। ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਸਥਾਪਤ ਸੰਤ ਨਾਮਦੇਵ ਚੇਅਰ ਦੀ ਸਾਬਕਾ ਚੇਅਰਪਰਸਨ ਡਾ. ਇਕਬਾਲ ਕੌਰ ਨੇ ਸ. ਧਾਮੀ ਨੂੰ ਇੱਕ ਆਈਡੀਅਲ ਪੁਰਸ਼ ਦੱਸਿਆ, ਜੋ ਹਰੇਕ ਨੂੰ ਆਪਣੇ ਵਿਚਾਰਾਂ ਨਾਲ ਪ੍ਰਭਾਵਿਤ ਕਰਕੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਤੋਰ ਲੈਂਦੇ ਸਨ। ਇਸ ਸ਼ਰਧਾਂਜਲੀ ਸਮਾਗਮ ਵਿੱਚ ਸੰਤ ਨਾਮਦੇਵ ਫੈੱਡਰੇਸ਼ਨ ਪੰਜਾਬ ਦੀਆਂ ਬਹੁਤ ਸਾਰੀਆਂ ਇਕਾਈਆਂ ਦੇ ਮੈਂਬਰ ਸ਼ਾਮਲ ਹੋਏ, ਜਿਨ੍ਹਾਂ 'ਚ ਸਰਵ ਸ੍ਰੀ ਨਰਿੰਜਨ ਸਿੰਘ ਰਖਰਾ, ਜਗਜੀਤ ਸਿੰਘ ਰਾਏ, ਗੁਰਚਰਨ ਸਿੰਘ, ਪ੍ਰੀਤਮ ਸਿੰਘ ਤੱਗੜ, ਜੋਗਿੰਦਰ ਸਿੰਘ ਵਕੀਲ, ਗੁਰਸ਼ਰਨ ਸਿੰਘ ਸਹਿੰਸਰਾ, ਜਗਮੋਹਨ ਸਿੰਘ, ਡਾ. ਨਵਲ ਵਿਯੋਗੀ, ਇੰਦਰਜੀਤ ਸਾਗਰ, ਅਮਰਜੀਤ ਸਿੰਘ ਰਤਨ, ਸੁੱਚਾ ਸਿੰਘ ਕਰੀਰ, ਬੇਅੰਤ ਸਿੰਘ ਸਰਹੱਦੀ, ਕਿਰਪਾਲ ਸਿੰਘ ਚਾਵਲਾ, ਪਰਵਿੰਦਰ ਸਿੰਘ ਤੇ ਅਜੀਤ ਸਿੰਘ, ਸੁਖਦੇਵ ਸਿੰਘ ਕੈਂਥ ਆਦਿ ਸ਼ਾਮਿਲ ਸਨ।

ਫੈੱਡਰੇਸ਼ਨ ਵਲੋਂ ਚਲਾਈ ਜਾ ਰਹੀ ਅਖ਼ਬਾਰ 'ਖੁਸ਼ਖ਼ਬਰੀ' ਦਾ ਅਵਤਾਰ ਸਿੰਘ ਧਾਮੀ ਵਿਸ਼ੇਸ਼ ਅੰਕ ਡਾ. ਇਕਬਾਲ ਕੌਰ ਨੇ ਰਿਲੀਜ਼ ਕੀਤਾ। ਇਸ ਮੌਕੇ ਧਾਮੀ ਪਰਿਵਾਰ ਦਾ ਸਿਰੋਪਾਓ ਮੋਮੈਂਟੋ ਦੇ ਕੇ ਸਨਮਾਨ ਕੀਤਾ ਗਿਆ। ਸਮਾਗਮ ਦੀ ਕਾਰਵਾਈ ਫੈੱਡਰੇਸ਼ਨ ਦੇ ਜਨਰਲ ਸਕੱਤਰ ਸ਼੍ਰੀ. ਸੀ. ਐੱਲ. ਲੱਕੀ ਨੇ ਚਲਾਈ। ਗੁਰਬਚਨ ਸਿੰਘ ਰਖਰਾ ਨੇ ਆਈਆ ਸੰਗਤਾਂ ਦਾ ਧੰਨਵਾਦ ਕੀਤਾ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਮੇਹਰ ਸਿੰਘ ਰਵੇਲ ਮੈਮੋਰੀਅਲ ਪੱਤਰਕਾਰ ਐਵਾਰਡ ਪ੍ਰੋ: ਕੁਲਬੀਰ ਸਿੰਘ ਨੂੰ

**ਚੰਡੀਗੜ੍ਹ—** ਸ: ਮੇਹਰ ਸਿੰਘ ਰਵੇਲ ਮੈਮੋਰੀਅਲ ਚੈਰੀਟੇਬਲ ਸੁਸਾਇਟੀ ਵਲੋਂ ਪੰਜਾਬੀ ਪੱਤਰਕਾਰ-ਮੀਡੀਆ ਆਲੋਚਕ-ਪ੍ਰੋ. ਕੁਲਬੀਰ ਸਿੰਘ ਨੂੰ ਰੋਟਰੀ ਕਲੱਬ ਚੰਡੀਗੜ੍ਹ ਵਿਚ ਖਾਸ ਸਨਮਾਨ ਸਮਾਰੋਹ ਸਮਾਗਮ ਵਿੱਚ ਸ. ਮੇਹਰ ਸਿੰਘ ਰਵੇਲ ਮੈਮੋਰੀਅਲ ਪੰਜਾਬੀ ਪੱਤਰਕਾਰ ਐਵਾਰਡ ਸਾਲ ੨੦੦੩ ਨਾਲ ਸਨਮਾਨਿਆ ਗਿਆ। ਉਹਨਾਂ ਨੂੰ ਇਹ ਐਵਾਰਡ ਡਾ. ਐਸ. ਪੀ. ਸਿੰਘ, ਵਾਇਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਜੋ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ, ਦੇ ਹੱਥੀਂ ਪਰਦਾਨ ਕੀਤਾ ਗਿਆ। ਸੁਸਾਇਟੀ ਵਲੋਂ ਇਹ ਐਵਾਰਡ ਸ. ਮੇਹਰ ਸਿੰਘ ਰਵੇਲ , ਜੋ ਆਪਣੇ ਸਮੇਂ ਦੇ ਉਘੇ ਐਡੀਟਰ, ਪੱਤਰਕਾਰ ਤੇ ਲੇਖਕ ਹੋ ਗੁਜ਼ਰੇ ਹਨ ਅਤੇ ਜੋ ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਦੇ ਪੰਜਾਬੀ ਦੇ ਪ੍ਰਮੁੱਖ ਅਖਬਾਰ 'ਖਾਲਸਾ ਐਡਵੋਕਟ' ਦੇ ਸੰਨ ੧੯੩੪-੧੯੭੪ ਤੱਕ ਐਡੀਟਰ ਰਹੇ, ਦੀ ਯਾਦ ਵਿੱਚ ਹਰ ਸਾਲ ਦਿੱਤੇ ਜਾਣ ਲਈ ਸਾਲ ੨੦੦੦ ਵਿਚ ਸਥਾਪਤ ਕੀਤਾ ਗਿਆ ਸੀ।

ਇਸ ਐਵਾਰਡ ਲਈ ਜੋ ਪੰਦਰਾਂ ਹਜ਼ਾਰ ਦੀ ਨਕਦ ਰਾਸ਼ੀ ਤੇ ਇਕ ਸਨਮਾਨ ਪੱਤਰ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ, ਤੀਜੀ ਪ੍ਰਤੀਯੋਗਤਾ ਸਵੈ ਨੁਮਾਇੰਦਗੀ ਦੇ ਆਧਾਰ ਤੇ ਇਸ ਸਾਲ ਕਰਵਾਈ ਗਈ ਹੈ, ਜਿਸ ਦੇ ਫਲਸਰੂਪ ਪਹਿਲਾ ਸਥਾਨ ਪ੍ਰਾਪਤ ਕਰਨ ਦਾ ਮਾਨ ਪ੍ਰੋ. ਕੁਲਬੀਰ ਸਿੰਘ ਜੀ ਨੂੰ ਪ੍ਰਾਪਤ ਹੋਇਆ ਹੈ। ਪ੍ਰੋ. ਸਾਹਿਬ ਐਮ. ਏ. ਪੰਜਾਬੀ (ਆਨਰਜ਼) ਐਮ. ਫਿਲ ਦੀ ਵਿੱਦਿਅਕ ਯੋਗਤਾ ਹਾਸਲ ਕਰਨ ਪਿੱਛੋਂ ਸਪੋਰਟਸ ਕਾਲਜ ਜਲੰਧਰ ਵਿਚ ਕੰਮ ਕਰ ਰਹੇ ਹਨ ਅਤੇ ਪਿਛਲੇ ੧੩ ਸਾਲਾਂ ਤੋਂ ਪੰਜਾਬੀ ਪੱਤਰਕਾਰ ਦਾ ਰੋਲ ਨਿਭਾ ਰਹੇ ਹਨ। ਉਹਨਾਂ ਦਾ ਵਿਸ਼ਾ ਸੰਚਾਰ ਸਾਧਨਾਂ ਰੇਡੀਓ, ਟੈਲੀਵਿਜ਼ਨ ਆਦਿ ਦੇ ਪ੍ਰਸਾਰਨਾਂ ਦਾ ਵਿਸ਼ਲੇਸ਼ਣ ਕਰਨਾ ਹੈ ਅਤੇ ਇਸ ਤਰ੍ਹਾਂ ਉਹ ਪੰਜਾਬੀ ਦੇ ਗਿਣੇ ਚੁਣੇ ਮੀਡੀਆ ਅਲੋਚਕਾਂ ਵਿਚੋਂ ਇਕ ਹਨ। ਰੋਜ਼ਾਨਾ ਅਜੀਤ ਵਿੱਚ ਇਸ ਵਿਸ਼ੇ ਤੇ ਛਪਦੇ ਹਫਤਾਵਾਰੀ ਕਾਲਮ 'ਖਾਸ ਖਬਰ — ਇੱਕ ਨਜ਼ਰ' ਦੇ ਸੰਚਾਲਕ ਵੀ ਹਨ। ਉਹਨਾਂ ਪੰਜਾਬੀ ਦੇ ਇਲੈਕਟਰਾਨਿਕ ਮੀਡੀਆ ਸੰਬੰਧੀ ਇਕ ਕਿਤਾਬ ਵੀ ਲਿਖੀ ਹੈ 'ਹੁਣ ਪ੍ਰਸਾਰਣ ਜਲੰਧਰ ਤੋਂ" ਜਿਸ ਨੂੰ ਅਗਸਤ, ੨੦੦੨ ਵਿੱਚ ਉਸ ਵਕਤ ਦੇ ਸੂਚਨਾ ਤੇ ਪ੍ਰਸਾਰਣ ਵਿਭਾਗ ਦੇ ਯੂਨੀਅਨ ਮੰਤਰੀ ਸ਼੍ਰੀਮਤੀ ਸੁਸ਼ਮਾ ਸਵਰਾਜ ਜੀ ਨੇ ਰੀਲੀਜ਼ ਕੀਤੀ ਸੀ। 'ਐਨ. ਆਰ. ਆਈ. ਸਭਾ ਪੰਜਾਬ ਨੇ ਵੀ ਆਪਣਾ ਪ੍ਰਾਜੈਕਟ "ਵਿਦੇਸ਼ਾਂ ਵਿੱਚ ਪੰਜਾਬੀ ਮੀਡੀਆ" ਖੋਜ ਲਈ ਇਨ੍ਹਾਂ ਨੂੰ ਹੀ ਸੌਂਪਿਆ ਹੈ।

ਸ. ਅ. ਸ ਰਵੇਲ, ਆਨਰੇਰੀ ਸਕੱਤਰ ਨੇ ਸੁਸਾਇਟੀ ਦੀ ਸਲਾਨਾ ਰਿਪੋਰਟ ਪੇਸ਼ ਕਰਦਿਆਂ ਇਹ ਵੀ ਦੱਸਿਆ ਕਿ ਇਕ ਹੋਰ ਸ. ਮੇਹਰ ਸਿੰਘ ਰਵੇਲ ਮੈਮੋਰੀਅਲ ਐਵਾਰਡ ਜੋ ੧੧੦੦/- ਤੇ ਰੋਲ ਆਫ ਆਨਰਜ਼ ਸਰਟੀਫਿਕੇਟ ਦਾ ਹੈ, ਡਾ. ਅਮਰਜੀਤ ਕੌਰ ਨੂੰ ਦਿੱਤਾ ਗਿਆ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ 'ਪੰਜਾਬੀ ਸਾਹਿਤ ਵਿੱਚ ਬਾਬਾ ਬੁੱਢਾ ਜੀ ਦਾ ਸਰੂਪ—ਇਕ ਅਧਿਐਨ' ਦੇ ਵਿਸ਼ੇ ਤੇ ਰੀਸਰਚ ਕਰਕੇ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ।

*(ਅ.ਸ. ਰਵੇਲ)*
*ਆਨਰੇਰੀ ਸਕੱਤਰ*



Sri Satguru Jagjit Singh Ji eLibrary NamdhariElibrary@gmail.com

## ਬਲਬੀਰ ਸਿੰਘ ਕੰਵਲ ਨੂੰ ਸਦਮਾ

ਇਲਫੋਰਡ : ਪੰਜਾਬੀ ਭਾਈਚਾਰੇ ਖਾਸ ਕਰਕੇ ਖੇਡ-ਜਗਤ ਅਤੇ ਸਭਿਆਚਾਰਕ ਹਲਕਿਆਂ 'ਚ ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਏਗੀ ਕਿ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸ. ਬਲਬੀਰ ਸਿੰਘ ਕੰਵਲ ਦੀ ਧਰਮ ਪਤਨੀ ਸ੍ਰੀਮਤੀ ਅਜੀਤ ਕੌਰ ਪਿਛਲੇ ਦਿਨੀਂ ਯੂ.ਕੇ. ਵਿਚ ਸਦੀਵੀ ਵਿਛੋੜਾ ਦੇ ਗਏ ਹਨ। ਉਹ ੬੨ ਵਰ੍ਹਿਆਂ ਦੇ ਸਨ। ਪਿਛਲੇ ਤਿੰਨ ਕੁ ਸਾਲਾਂ ਤੋਂ ਉਹ ਸ਼ੱਕਰ ਰੋਗ, ਜੋੜਾਂ ਦੀਆਂ ਦਰਦਾਂ ਆਦਿ ਵਰਗੀਆਂ ਮੂਜੀ ਬਿਮਾਰੀਆਂ ਨਾਲ ਪੀੜਤ ਸਨ। ੩ ਦਸੰਬਰ ੨੦੦੨ ਨੂੰ ਉਨ੍ਹਾਂ ਨੂੰ ਸਟਰੋਕ ਹੋ ਗਿਆ, ਲੰਡਨ ਰਾਇਲ ਹਸਪਤਾਲ ਵਿੱਚ ਉਨ੍ਹਾਂ ਦੇ ਸਿਰ ਦਾ ਬੜਾ ਵੱਡਾ ਉਪਰੇਸ਼ਨ ਕੀਤਾ ਗਿਆ। ਉਸ ਦਿਨ ਤੋਂ ਆਖਰ ਤੱਕ ਉਹ ਬੇਹੋਸ਼ੀ ਦੇ ਆਲਮ ਵਿੱਚ ਰਹੇ। ਉਹ ਬੋਲ ਵੀ ਨਹੀਂ ਸਨ ਸਕਦੇ, ਨਾ ਹੀ ਮੂੰਹ ਰਾਹੀਂ ਖੁਰਾਕ ਖਾ ਸਕਦੇ ਸਨ। ਇਨ੍ਹਾਂ ਹਾਲਾਤ 'ਚ ਉਨ੍ਹਾਂ ਨੂੰ ਖੁਰਾਕ ਦੀਆਂ ਨਾਲੀਆਂ ਰਾਹੀਂ ਪਹਿਲਾਂ ਨਾਸਾਂ ਥਾਣੀ, ਫਿਰ ਪੇਟ ਰਾਹੀਂ ਉਪੜਦੀ ਕੀਤੀ ਜਾਂਦੀ ਰਹੀ। ਪਹਿਲਾਂ ਦੋ ਢਾਈ ਮਹੀਨੇ ਅੱਖੀਆਂ ਖੋਲ੍ਹਣ ਜਾਂ ਝਮਕਣ ਤੋਂ ਅਸਮਰਥ ਰਹੇ, ਪਿੱਛੋਂ ਅੱਖੀਆਂ ਖੋਲ੍ਹਣ ਲੱਗ ਪਏ ਸਨ। ਸਿਹਤ ਦੀ ਅਜਿਹੀ ਕੈਫੀਅਤ ਵਿੱਚ ਵਿਸਾਖੀ ਤੋਂ ਦੋ ਦਿਨ ਬਾਅਦ ਅਰਥਾਤ ੧੬ ਅਪ੍ਰੈਲ ਨੂੰ ਸਵੇਰੇ ਅੰਮ੍ਰਿਤ ਵੇਲੇ ੪-੨੦ ਤੇ ਬੁੱਧਵਾਰ ਵਾਲੇ ਦਿਨ ਆਪ ਚੜ੍ਹਾਈ ਕਰ ਗਏ। ਆਪ ਬੜੀ ਸਿੱਧੀ ਸਾਦੀ, ਮਿਲਾਪੜੀ, ਮਿਹਨਤੀ, ਬੇਇੰਤਹਾ ਵੱਡੇ ਦਿਲ ਗੁਰਦੇ ਵਾਲੀ ਆਤਮਾ ਦੇ ਸੁਆਮੀ ਸਨ। ਕੰਵਲ ਜੀ ਦੇ ਕਲਾਤਮਿਕ ਅਤੇ ਕਿਰਿਆਤਮਿਕ ਕਾਰਜਾਂ ਪਿੱਛੇ ਆਪ ਉਮਰ ਭਰ ਇਕ ਅਹਿਲ ਅਡੋਲ ਸਤੂਨ ਵਾਂਗ ਖੜ੍ਹੇ ਰਹੇ। ਏਥੇ ਇਹ ਗੱਲ ਖਾਸ ਤੌਰ ਤੇ ਜ਼ਿਕਰਯੋਗ ਹੈ ਕਿ ਅੱਜ ਤੋਂ ਪੱਚੀ ਸਾਲ ਪਹਿਲਾਂ ਡਾਕੂਆਂ ਨੇ ਬਦਨਸੀਬ ਕੰਵਲ ਜੀ ਦੇ ਬਿਰਧ ਮਾਤਾ ਪਿਤਾ ਨੂੰ ਇੰਡੀਆ ਵਿੱਚ ਕਤਲ ਕਰ ਦਿੱਤਾ ਸੀ।

ਅਦਾਰਾ ਵਰਿਆਮ ਕੰਵਲ ਜੀ ਦੇ ਇਸ ਸਦਮੇ ਵਿਚ ਉਹਨਾਂ ਨੂੰ ਸੰਵੇਦਨਾ ਪ੍ਰਗਟ ਕਰਦਾ ਹੈ।

*—ਜਗਦੀਸ਼ ਸਿੰਘ*

*ਕੰਵਲ ਜੀ ਦਾ ਸੰਪਰਕ ਫੋਨ ਤੇ ਪਤਾ*
*0208-553-1655 ਬਲਬੀਰ ਸਿੰਘ ਕੰਵਲ*
*2-Albert Road, Ilford, E ssex-1 G 1-1 HN (U.K.)*

## ਡਾ. ਜਾਗੀਰ ਸਿੰਘ ਜੀ ਨੂੰ ਐਵਾਰਡ

ਗੁਰਮਤਿ ਸੰਗੀਤ ਦੀ ਮੌਲਿਕ ਪਰੰਪਰਾ ਨੂੰ ਮਾਣ ਦਿੰਦਿਆਂ ਰਾਸ਼ਟਰੀ ਪੱਧਰ ਦੀ ਸੰਸਥਾ ਸੰਗੀਤ ਨਾਟਕ ਅਕਾਡਮੀ ਦਿੱਲੀ ਨੇ ਪਹਿਲੀ ਵਾਰੀ ਗੁਰਮਤਿ ਸੰਗੀਤ ਦੇ ਖੇਤਰ ਵਿਚ ਐਵਾਰਡ ਦੇਣਾ ਪ੍ਰਾਰੰਭ ਕੀਤਾ ਹੈ। ਸਭ ਤੋਂ ਪਹਿਲਾਂ ਇਹ ਐਵਾਰਡ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਵਹਾਰਕ ਰੂਪ ਵਿਚ ਕਾਰਜਸ਼ੀਲ ਪ੍ਰਸਿੱਧ ਰਾਗੀ ਅਤੇ ਵਿਦਵਾਨ ਡਾ. ਜਾਗੀਰ ਸਿੰਘ (ਚੰਡੀਗੜ੍ਹ) ਨੂੰ ਪ੍ਰਦਾਨ ਕੀਤਾ ਗਿਆ ਹੈ। ਡਾ. ਜਾਗੀਰ ਸਿੰਘ ਨੂੰ ਇਹ ਜਾਣਕਾਰੀ ਸੰਗੀਤ ਨਾਟਕ ਅਕਾਡਮੀ ਦੇ ਚੇਅਰਮੈਨ ਭੂਪੇਨ ਹਜ਼ਾਰਿਕਾ ਨੇ ਨਿੱਜੀ ਰੂਪ ਵਿਚ ਵਧਾਈ ਦੁਆਰਾ ਦਿੱਤੀ। ਡਾ. ਜਾਗੀਰ ਸਿੰਘ ਹੁਰਾਂ ਨੇ ਜਿਥੇ ਕੀਰਤਨ ਦੀ ਪਰੰਪਰਾਗਤ ਸਿਖਲਾਈ ਵੱਖ-ਵੱਖ ਉਸਤਾਦਾਂ ਤੋਂ ਪ੍ਰਾਪਤ ਕੀਤੀ ਹੈ, ਜਿਹਨਾਂ ਵਿਚੋਂ ਆਗਰੇ ਘਰਾਣੇ ਦੇ ਪ੍ਰਸਿੱਧ ਉਸਤਾਦ ਪ੍ਰੋਫੈਸਰ ਯਸ਼ਪਾਲ ਹੁਰਾਂ ਦਾ ਨਾਂ ਵਿਸ਼ੇਸ ਹੈ। ਸੰਗੀਤ, ਧਾਰਮਿਕ ਅਧਿਐਨ ਅਤੇ ਪੰਜਾਬੀ ਵਿਚ ਪੋਸਟ ਗ੍ਰੈਜੂਏਟ ਡਾ. ਜਾਗੀਰ ਸਿੰਘ ਨੇ ਗੁਰੂ ਸਾਹਿਬਾਨ ਦੀ ਦੀ ਬਾਣੀ ਤੇ ਸੰਗੀਤ ਦਾ ਅੰਤਰ ਸੰਬੰਧ ਵਿਸ਼ੇ ਉੱਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ ਹੈ। ਡਾ. ਜਾਗੀਰ ਸਿੰਘ ਨੇ ਸੰਗੀਤ ਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ੧੦ ਮੌਲਿਕ ਪੁਸਤਕਾਂ ਅਤੇ ਖੋਜ-ਪਤੱਰਾਂ ਦੁਆਰਾ ਭਰਪੂਰ ਯੋਗਦਾਨ ਪਾਇਆ ਹੈ। ਸੰਪਾਦਕ ਵਜੋਂ ਉਹਨਾਂ ਦੁਆਰਾ ਚਲਾਇਆ ਜਾ ਰਿਹਾ ਮਾਸਿਕ ਮੈਗਜ਼ੀਨ **ਅੰਮ੍ਰਿਤ ਕੀਰਤਨ** ਦੇਸ਼-ਵਿਦੇਸ਼ ਵਿਚ ਮਕਬੂਲ ਹੈ। ਡਾ. ਸਿੰਘ ਨੇ ਅਕਾਦਮਿਕ ਪੱਧਰ ਉੱਤੇ ਸੰਗੀਤ ਤੇ ਗੁਰਮਤਿ ਸੰਗੀਤ ਵਿਸ਼ੇ ਨੂੰ ਲੋਕਪ੍ਰਿਯ ਬਣਾਉਣ ਲਈ ਪਾਠ ਪੁਸਤਕਾਂ ਦੀਆਂ ਰਚਨਾਵਾਂ ਵੀ ਕੀਤੀਆਂ ਹਨ।

ਗੁਰਮਤਿ ਸੰਗੀਤ ਦੀ ਸ਼ੁਧ ਪਰੰਪਰਾ ਅਨੁਸਾਰ ਕੀਰਤਨ ਕਰਨ ਵਾਲੇ ਡਾ. ਜਾਗੀਰ ਸਿੰਘ ਹੁਰਾਂ ਨੇ ੧੪ ਐਵਾਰਡ ਤੇ ਹੋਰ ਕਈ ਮਾਣ-ਸਨਮਾਨ ਪ੍ਰਾਪਤ ਕੀਤੇ ਹਨ। ਜਿਨ੍ਹਾਂ ਸ਼੍ਰੋਮਣੀ ਰਾਗੀ (ਭਾਸ਼ਾ ਵਿਭਾਗ ਪੰਜਾਬ), ਗੁਰਮਤਿ ਸੰਗੀਤ ਐਵਾਰਡ (ਜਵੱਦੀ ਟਕਸਾਲ), ਗੋਲਡ ਮੈਡਲ ਫ਼ਾਰ ਮੈਰੀਟੋਰੀਅਸ ਵਰਕਸ ਇਨ ਕਲਾਸੀਕਲ ਗੁਰਬਾਣੀ ਕੀਰਤਨ (ਗੁਰੂ ਨਾਨਕ ਦੇਵ ਯੂਨੀਵਰਸਿਟੀ) ਅਤੇ ਗੁਰਮਤਿ ਸੰਗਤ ਆਚਾਰੀਆ ਪ੍ਰੋਫੈਸਰ ਤਾਰਾ ਸਿੰਘ ਐਵਾਰਡ (ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) ਆਦਿ ਵਿਸ਼ੇਸ ਹਨ।

ਦੇਸ਼-ਵਿਦੇਸ਼ ਦੀਆਂ ਨਾਮਵਰ ਸੰਸਥਾਵਾਂ ਦੇ ਮੈਂਬਰ ਸਲਾਹਕਾਰ ਵਜੋਂ ਆਪਦੀ ਵਿਸ਼ੇਸ ਭੂਮਿਕਾ ਹੈ ਜਿਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੱਧ ਪ੍ਰਦੇਸ਼ ਪੰਜਾਬੀ ਅਕਾਦਮੀ ਅਤੇ ਸਲਾਹਕਾਰ ਕਮੇਟੀ ਭਾਸ਼ਾ ਵਿਭਾਗ ਪੰਜਾਬ ਵਿਸ਼ੇਸ਼ ਹਨ। ਆਪ ਨੇ ਦੇਸ਼-ਵਿਦੇਸ਼ ਦੀਆਂ ਅਨੇਕ ਸੰਸਥਾਵਾਂ ਦੀਆਂ ਗਤੀਵਿਧੀਆਂ ਵਿਚ ਸਰਗਰਮ ਭੂਮਿਕਾ ਨਿਭਾਈ ਹੈ। ਇਸ ਸਮੇਂ ਆਪ ਪੰਜਾਬ ਸਕੂਲ ਸਿੱਖਿਆ ਬੋਰਡ ਡਿਪਟੀ ਡਾਇਰੈਕਟਰ (ਅਕਾਦਮਿਕ) ਦੀ ਪਦਵੀ ਤੇ ਕਾਰਜ ਕਰ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਿਰਿਆ

ਵਰਿਆਮ ਮਈ ਵਿੱਚ ਆਪ ਜੀ ਨੇ "ਕਹਿ ਗੋਧਾ ਸਿੰਘ ਜੱਟ" ਰਾਹੀਂ ਸਮਕਾਲੀਨਤਾ ਨੂੰ ਉਸ ਪਰੰਪਰਾ ਦੇ ਸਨਮੁਖ ਜਾ ਖੜ੍ਹਾ ਕੀਤਾ, ਜਿਸ ਅਮੀਰ ਵਿਰਸੇ ਵੱਲ ਅਸਾਂ ਬੇ-ਵਜਹ ਹੀ ਪਿੱਠ ਕਰ ਲਈ ਹੋਈ ਹੈ।

ਗੋਧਾ ਸਿੰਘ ਜੱਟ ਦੀਆਂ ਕੁੰਡਲੀਆਂ ਮਜ਼ਬੀ ਤੁਅੱਸਬ ਨੂੰ ਜੁੱਤੀਆਂ ਮਾਰਦੀਆਂ ਹਨ ਅਤੇ ਸੰਵੇਦਨ ਮਨ ਨੂੰ ਝੰਜੋੜਦੀਆਂ ਹਨ। ਆਪ ਜੀ ਦੇ ਤਿੰਨ ਸਦੀਆਂ ਵਿੱਚ ਫੈਲੇ ਚਮਨ ਦਾ ਡੰਗ ਵੀ ਬਹੁਤ ਤਿੱਖਾ ਹੈ। ਮੈਂ ਤਾਂ ਚਮਨ ਦੀ ਕੁੱਤੇ ਵਾਲੀ ਨਜ਼ਮ ਕਈ ਮਿੱਤਰਾਂ ਵਿੱਚ ਵੰਡ ਚੁੱਕਾ ਹਾਂ। ਤੁਸਾਂ ਇਸ ਵੇਰ ਦੇ ਵਰਿਆਮ ਵਿਚਲੇ ਮੈਟਰ ਨਾਲ ਕਈਆਂ ਦਾ ਦਿਲ ਮੋਹ ਲਿਆ ਹੈ।

*—ਕਿਰਪਾਲ ਕਜ਼ਾਕ, ਪਟਿਆਲਾ*

-0-

ਕਲ੍ਹ ਮਈ ਦਾ ਵਰਿਆਮ ਮਿਲਿਆ। ਜਾਣ ਕੇ ਦੁੱਖ ਹੋਇਆ ਕਿ ਲੋਕ ਕਵੀ ਫ਼ਕੀਰ ਚੰਦ ਤੁਲੀ ਦਾ ਪਿਆਰਾ ਸਪੁੱਤਰ ਰਾਜੀਵ ਸੜਕ ਦੁਰਘਟਨਾ ਦਾ ਸ਼ਿਕਾਰ ਹੋ ਗਿਆ ਹੈ। ਇਹ ਸੱਚਮੁਚ ਹੀ ਤੁਲੀ ਪਰਿਵਾਰ ਲਈ ਭਾਰੀ ਸਦਮਾ ਹੈ। ਮੇਰੀ ਉਨ੍ਹਾਂ ਨਾਲ ਦਿਲੀ ਹਮਦਰਦੀ ਹੈ। ਜਾਣਕਾਰੀ ਲਈ ਦੱਸਣਾ ਵਾਜਿਬ ਸਮਝਦਾ ਹਾਂ ਕਿ ਫ਼ਕੀਰ ਚੰਦ ਤੁਲੀ ਮੇਰੇ ਪੁਰਾਣੇ ਮਿੱਤਰ ਹਨ। ਤਕਰੀਬਨ ੨੫ ਸਾਲ ਪਹਿਲਾਂ ਉਹ ਸਾਡੇ ਕੋਲ ਫ਼ਰੀਦਕੋਟ ਆਉਂਦੇ ਸਨ। ਬੜੇ ਵਧੀਆ ਤੇ ਖ਼ੁਦ-ਦਾਰ ਇਨਸਾਨ ਹਨ। ਉਹ ਸਟੇਜ ਦੇ ਵੀ ਧਨੀ ਹਨ। ਵਾਹਿਗੁਰੂ ਉਨ੍ਹਾਂ ਨੂੰ ਇਹ ਔਖ ਦੀ ਘੜੀ ਸਹਾਰਨ ਦਾ ਬਲ ਬਖਸ਼ੇ।

*ਨਵਰਾਹੀ ਘੁਗਿਆਣਵੀ, ਫ਼ਰੀਦਕੋਟ*

-0-

ਪਰਚਾ ਵਰਿਆਮ ਅੰਕ ਮਈ ੨੦੦੩ ਮਿਲਿਆ, ਜਿਸਦਾ ਸਾਰਾ ਮੈਟਰ ਬਹੁਤ ਹੀ ਵਧੀਆ ਹੈ। ਜਿਵੇਂ—"ਸਰਦਾਰ ਜੱਸਾ ਸਿੰਘ ਰਾਮਗੜ੍ਹੀਆ", "ਬਾਜ ਫਿਰ ਚਿੜੀਆਂ ਤੇ ਝਪਟੇ", "ਧੰਨੈ ਸੇਵਿਆ ਬਾਲ ਬੁਧਿ", "ਕੁੰਡਲੀਆਂ ਗੋਧਾ ਸਿੰਘ ਜੱਟ", "ਸੰਗੀਤ ਸਾਜ਼ਾਂ ਦੀ ਚੋਣ", "ਇਜ਼ਤਦਾਰ ਮੰਗਤੇ, "ਤਿੰਨ ਸਦੀਆਂ 'ਚ ਫੈਲਿਆ ਚਮਨ", "ਖਬਰਨਾਮਾ", "ਨਿਸ਼ਾਨ ਇੰਡੀਖੇੜੀਆਂ ਦਾ ਗੀਤ—ਚੀਨੀ ਵਾਲੇ ਮਾਹੀ" ਬਹੁਤ ਵਧੀਆ ਲੱਗਾ। ਕੁਲ ਮਿਲਾਕੇ ਸਾਰੀ ਦੀ ਸਾਰੀ ਸਮੱਗਰੀ ਬੜੀ ਖੋਜ ਭਰਪੂਰ ਅਤੇ ਖਾਸ ਕਰਕੇ ਨਵੇਂ ਲਿਖਾਰੀਆਂ ਵਾਸਤੇ ਤਾਂ ਇਕ ਚਾਨਣ-ਮੁਨਾਰਾ ਹੈ।

*ਆਦਲ ਦਿਆਲਪੁਰੀ*
*ਪਿੰਡ ਦਿਆਲਪੁਰ (ਜਲੰਧਰ)*

-0-

ਕਾਫੀ ਸਮੇਂ ਤੋਂ 'ਵਰਿਆਮ' ਪੜ੍ਹ ਰਹੀ ਹਾਂ। ਅਪ੍ਰੈਲ ੨੦੦੩ ਦਾ 'ਵਰਿਆਮ' ਮੇਰੇ ਸਾਹਮਣੇ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਅਭਿਨੰਦਨ ਸਮਾਰੋਹ ਦੀ ਰਿਪੋਰਟ ਤਸਵੀਰਾਂ ਸਹਿਤ, ਤੋਂ ਸਾਰੀ ਜਾਣਕਾਰੀ ਮਿਲੀ, ਬਹੁਤ ਚੰਗਾ ਚੰਗਾ ਲਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਹੈ, ਉਹ ਲੇਖਕਾਂ ਨੂੰ ਮਾਣ ਤਾਣ ਦੇਂਦੇ ਹਨ ਲਿਖਤਾਂ ਦਾ ਸਤਿਕਾਰ ਕਰਦੇ ਹਨ। ਇਸੇ ਅੰਕ ਵਿੱਚ ਜਗਦੀਸ਼ ਸਿੰਘ ਵਰਿਆਮ ਜੀ ਦੀ ਸੰਪਾਦਕੀ 'ਹੋਲਾ ਭੈਣੀ ਸਾਹਿਬ ਦਾ' ਜਾਣਕਾਰੀ ਭਰਪੂਰ ਸੀ। ਪ੍ਰਮਾਤਮਾ ਕਰੇ 'ਵਰਿਆਮ' ਦਿਨ ਦੂਗਣੀ ਰਾਤ ਚੌਗੁਣੀ ਤਰੱਕੀ ਕਰੇ।

*ਡਾ. ਸ਼ਰਨਜੀਤ ਕੌਰ, ਚੰਡੀਗੜ੍ਹ*

-0-

'ਵਰਿਆਮ' ਹਰ ਮਹੀਨੇ ਦੇ ਮੱਧ ਵਿਚ ਮਿਲ ਜਾਂਦਾ ਹੈ। ਜਿਸ ਨੂੰ ਪੜ੍ਹਨ ਹਿਤ ਬੜੀ ਤੀਬਰਤਾ ਸਹਿਤ ਤਾਂਘਾ ਭਰੀ ਉਡੀਕ ਰਹਿੰਦੀ ਹੈ। ਪਿਆਰੇ ਪਰਚੇ ਵਰਿਆਮ ਵਿਚ ਸਾਹਿਬ ਸ੍ਰੀ ਸਤਿਗੁਰੂ ਜੀ ਸੱਚੇ ਪਾਤਸ਼ਾਹ ਦੀਆਂ ਹਰ ਅੰਕ ਵਿਚ ਨਵੀਆਂ ਤੋਂ ਨਵੀਆਂ ਤਸਵੀਰਾਂ ਦੇ ਅਮੋਘ ਦਰਸ਼ਨ, ਪੰਥਕ ਸਮਾਗਮਾਂ-ਮੇਲਿਆਂ ਦੀਆਂ ਵਿਸ਼ੇਸ਼ ਰਿਪੋਰਟਾਂ, ਗੁਰਮਤ ਅਤੇ ਗੁਰੂ ਇਤਿਹਾਸ ਨੂੰ ਮੋਤੀਆਂ ਵਾਂਗ ਪਰੋਇਆ ਉੱਤਮ ਖਜ਼ਾਨਾ ਅਤੇ ਬੇਅੰਤ ਸਮੱਗਰੀ ਕਹਾਣੀਆਂ ਕਵਿਤਾਵਾਂ ਸੰਗ ਮਾਲੋ ਮਾਲ ਹੁੰਦਾ ਹੈ। ਪੜ੍ਹਨ ਵਾਲਾ ਹਰ ਪ੍ਰਾਣੀ ਆਪਣੇ ਆਪ ਨੂੰ ਉਨ੍ਹਾਂ ਮੇਲਿਆਂ-ਸਮਾਗਮਾਂ ਵਿਚ ਹਾਜ਼ਰ-ਨਾਜ਼ਰ ਵਿਚਰ ਰਿਹਾ ਹੀ ਸਮਝਦਾ ਹੋਇਆ ਪ੍ਰੇਮ ਪਿਆਰ ਦੇ ਰੰਗ ਵਿਚ ਖੂਬ ਰੰਗਿਆ ਜਾਂਦਾ ਤੇ ਸਾਰੇ ਵਰਿਆਮ ਨੂੰ ਇਕੋ ਰੋਹ ਵਿਚ ਪਾਠ ਵਾਂਗ ਪੜ੍ਹ ਕੇ ਹੀ ਸਾਹ ਲੈਂਦਾ ਹੈ। ਤੁਸੀਂ ਧੰਨ ਹੋ ਜੋ ਸਰੀਰ ਤੇ ਸੇਹਤ ਦੀ ਲਾਪ੍ਰਵਾਹੀ ਕਰਕੇ ਬੜੇ ਯਤਨਾਂ ਸਹਿਤ ਦੂਰ ਨੇੜੇ ਦੇ ਥਾਵਾਂ ਅਸਥਾਨਾਂ ਤੇ ਪੁੱਜ ਕੇ ਅੱਖੀਂ ਡਿਠੀਆਂ ਰਿਪੋਰਟਾਂ ਲਿਖਤੀ ਰੂਪ ਵਿਚ ਪੰਥਕ ਸ਼ਰਧਾਲੂਆਂ ਪਾਠਕਾਂ ਤੇ ਇਤਿਹਾਸ ਦੇ ਖੋਜੀਆਂ ਪ੍ਰਤੀ ਪੇਸ਼ ਕਰਦੇ ਹੋ। ਅਸੀਂ ਹਜ਼ਾਰਾਂ ਮੀਲਾਂ ਤੇ ਦੂਰ ਦੇਸ਼ਾਂ ਵਿਚ ਬੈਠਿਆਂ ਆਪਣੇ ਆਪ ਨੂੰ ਮੇਲਿਆਂ ਚੋਂ ਗ਼ੈਰਹਾਜ਼ਰ ਜਾਣਦੇ ਹੋਏ ਵੀ ਇਕ ਹਾਜ਼ਰ ਹੁੰਦਿਆਂ ਵਾਂਗ ਦਾ ਪੂਰਨ ਅਨੰਦ ਵਰਿਆਮ ਰਾਹੀਂ ਮਾਣਦੇ ਹੋਏ ਆਪਣੇ ਆਪ ਨੂੰ ਅਤੀ ਸੁਭਾਗੇ ਸਮਝਦੇ ਹਾਂ। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਕ੍ਰਿਪਾ-ਮੇਹਰਾਂ ਕਰਨ ਆਪ ਜੀ ਇਸੇ ਤਰ੍ਹਾਂ ਪੰਥਕ ਸੇਵਾਵਾਂ ਤੇ ਪੰਥ ਦੀਆਂ ਚੜ੍ਹਦੀਆਂ ਕਲਾ ਲਈ ਤਨੋ, ਮਨੋ, ਧਨੋ ਹੋ ਯਤਨਸ਼ੀਲ ਰਹੋ ਤਾਂ ਕਿ ਨਾਮਧਾਰੀ ਪੰਥ ਸਦਾ ਹੀ ਸਤਿਗੁਰਾਂ ਦੀ ਛਤਰ ਛਾਇਆ ਹੇਠ, ਸਰਬਨੁਮਾ ਖੁਸ਼ੀਆਂ ਨਾਲ ਪ੍ਰੇਮ, ਏਕਤਾ ਤੇ ਆਪਸੀ ਪਿਆਰ ਤੇ ਸੱਦ ਭਾਵਨਾਵਾਂ ਵਿਚ ਰੰਗਿਆ ਰਹੇ। ਅਪ੍ਰੈਲ ੨੦੦੩ ਅੰਕ ਨੰਬਰ ੬ ਵਿਚ ਸ.



Sri Satguru Jagjit Singh Ji eLibrary NamdhariElibrary@gmail.com

...ਵਿੰਦਰ ਸਿੰਘ ਜੀ ਗਿੱਲ-ਜੀਆ ਨੱਥਾ ਵਾਲਿਆਂ ਦੇ ਲੇਖ "... ਨਨਕਾਣਾ ਸਾਹਿਬ ਅਤੇ ਨਾਮਧਾਰੀ" ਪ੍ਰਕਾਸ਼ਤ ... ਬਹੁਤ ਹੀ ਵਧੀਆ ਤੇ ਸ਼ਭ ... ਕੀਤਾ ਹੈ। ਇਸ ਸਾਕੇ ਵਿਚ ਨਾਮਧਾਰੀਆਂ ਦੀ ... ਦੇਣ ਬਾਰੇ ਅੱਗੇ ਸਾਨੂੰ ਪਤਾ ਨਹੀਂ ਸੀ। ਇਹ ਬੜੇ ਫ਼ਖ਼ਰ ਦੀ ਗੱਲ ਹੈ ਐਸੀ ਸਿਖੀ ਸਾਂਝ, ਦਰਦ ਅਤੇ ਅਪਣੱਤ ਭਰੇ ਲੇਖ ਸਾਰੇ ਜਗਤ ਨੂੰ ਆਪਸ ਵਿਚ ਜੋੜਦੇ ਤੇ ਪਿਆਰ ਵਿਚ ਵਾਧੇ ਕਰਦੇ ਹਨ।

ਸਰਦਾਰ ਦਵਿੰਦਰ ਸਿੰਘ ਜੀ ਜੋ ਸਿੱਖ ਧਰਮ ਤੇ ਸਿੱਖ ਇਤਿਹਾਸ ਦੇ ਬੜੇ ਖੋਜੀ ਸਕਾਲਰ ਤੇ ਲਿਖਾਰੀ, ਆਪਣੇ ਅਹਿਮ ਵਡਮੁੱਲੇ ਗੁਣਾਂ ਸਦਕਾ ਧੰਨਤਾ ਤੇ ਪ੍ਰਸੰਨਤਾ ਯੋਗ ਹਨ।

*ਵਾਸਦੇਵ ਸਿੰਘ ਭੰਮਰਾ, ਯੂ.ਕੇ.*
*ਵੂਲਵਰਹੈਂਪਟਨ*

-0-

### ਜਗਜੀਤ ਸਿੰਘ ਚਮਨ

ਚਮਨ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਇਤਿਹਾਸਕ ਪਿੰਡ ਡੱਲਾ ਨਜ਼ਦੀਕ ਭੋਗਪੁਰ 'ਚ ਮਾਤਾ ਭਾਨ ਕੌਰ ਦੀ ਕੁੱਖੋਂ ਪਿਤਾ ਗੰਗਾ ਸਿੰਘ ਦੀ ਗ੍ਰਹਿ ਵਿਖੇ ਹੋਇਆ। ਪਿੰਡ ਵਿਚ ਸਕੂਲ ਨਾ ਹੋਣ ਕਾਰਨ ਉਹ ਸਕੂਲ ਦੀ ਵਿੱਦਿਆ ਪ੍ਰਾਪਤ ਨਹੀਂ ਕਰ ਸਕਿਆ ਪਰ ਉਸ ਨੂੰ ਸੰਤਾਂ- ਮਹਾਂਪੁਰਸ਼ਾਂ ਅਤ ਗੁਰਮੁਖਾਂ ਦੀ ਸੰਗਤ ਕਰਨ ਦਾ ਬਹੁਤ ਸ਼ੌਕ ਸੀ। ਉਸ ਨੇ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਗੁਰਮੁਖੀ ਪੜ੍ਹਨੀ ਅਤੇ ਲਿਖਣੀ ਸਿੱਖ ਲਈ ਅਤੇ ਹੌਲੀ-ਹੌਲੀ ਕਵਿਤਾ ਦੀ ਤੁਕਬੰਦੀ ਕਰਨ ਲੱਗਾ। ਉਸ ਨੇ ਚਤਰ ਸਿੰਘ ਗੜ੍ਹੀਬਖਸ਼ਾ, ਕਰਮ ਸਿੰਘ ਅਤੇ ਜਗਤ ਸਿੰਘ ਦੀ ਰਹਿਨੁਮਾਈ ਹੇਠ ਕਵਿਤਾ ਲਿਖਣ ਦੇ ਗੁਰ ਸਿੱਖ ਲਏ।

ਉਸ ਨੇ ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚਿਆਂ ਲਈ ਜਾਣ ਵਾਲੇ ਜੱਥਿਆਂ ਦੀ ਸੇਵਾ ਕਰਨੀ ਅਤੇ ਜੱਥਿਆਂ ਨੂੰ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਜਜ਼ਬਾਤੀ ਕਵਿਤਾਵਾਂ ਸੁਣਾਉਣੀਆਂ। ਉਨ੍ਹਾਂ ਦਾ ਮੇਲ ਬਾਬੂ ਲਾਭ ਸਿੰਘ ਨਾਲ ਹੋਇਆ ਜਿਨ੍ਹਾਂ ਨੇ ਉਨ੍ਹਾਂ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਦਿੱਤੀ। ਹੌਲੀ-ਹੌਲੀ ਉਨ੍ਹਾਂ ਦਾ ਮੇਲ ਸ. ਸਵਰਨ ਸਿੰਘ, ਗਿਆਨੀ ਜ਼ੈਲ ਸਿੰਘ, ਪ੍ਰਤਾਪ ਸਿੰਘ ਕੈਰੋਂ, ਕਰਮ ਸਿੰਘ ਕਿਰਤੀ, ਮਾਸਟਰ ਤਾਰਾ ਸਿੰਘ ਤੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਆਦਿ ਸੁਤੰਤਰਤਾ ਸੰਗਰਾਮੀਆਂ ਨਾਲ ਹੋ ਗਿਆ।

ਸੰਨ ੧੯੩੭ ਵਿਚ ਆਲ ਇੰਡੀਆ ਕਾਂਗਰਸ ਪਾਰਟੀ ਦਾ ਸਾਲਾਨਾ ਇਜਲਾਸ ਗੜ੍ਹਦੀਵਾਲਾ ਵਿਚ ਹੋਇਆ। ਪੰਡਿਤ ਜਵਾਹਰ ਲਾਲ ਨਹਿਰੂ ਦੀ ਹਾਜ਼ਰੀ ਵਿਚ ਜਗਜੀਤ ਸਿੰਘ ਚਮਨ ਨੇ ਦੇਸ਼ ਪਿਆਰ ਦੀ ਇਕ ਕਵਿਤਾ ਪੜ੍ਹੀ ਜਿਸ ਤੋਂ ਨਹਿਰੂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਇਜਲਾਸ ਵਿਚ ਕਿਹਾ ਕਿ ਜਦੋਂ ਇਹੋ ਜਿਹੇ ਨੌਜਵਾਨਾਂ ਨੂੰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਹੋ ਜਾਵੇ ਤਾਂ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਟੁੱਟਣ ਤੋਂ ਕੋਈ ਤਾਕਤ ਨਹੀਂ ਰੋਕ ਸਕਦੀ। ਇਜਲਾਸ ਤੋਂ ਬਾਅਦ ਚਮਨ ਨੂੰ ਅੰਗਰੇਜ਼ ਸਰਕਾਰ ਦੀ ਪੁਲਿਸ ਨੇ ਫੜ ਲਿਆ ਅਤੇ ਉਸ 'ਤੇ ਮੁਕੱਦਮਾ ਦਰਜ ਕਰ ਦਿੱਤਾ, ਜਿਸ ਕਾਰਨ ਉਸ ਨੂੰ ਪੰਜ ਸਾਲ ਦੀ ਕੈਦ ਹੋਈ। ਪਿੱਛੇ ਘਰ ਦੇ ਹਾਲਾਤ ਬਹੁਤ ਖਰਾਬ ਹੋ ਗਏ। ਉਨ੍ਹਾਂ ਦੀ ਪਤਨੀ ਨੇ ਦਰ-ਦਰ ਜਾ ਕੇ ਲੋਕਾਂ ਦਾ ਕੰਮ ਕਰਕੇ ਬੱਚਿਆਂ ਨੂੰ ਪਾਲਿਆ।

ਉਸ ਨੂੰ ਜਲੰਧਰ ਦੀ ਜੇਲ੍ਹ ਵਿਚ ਜੇਲ੍ਹ ਅਧਿਕਾਰੀਆਂ ਦੀ ਗ਼ਲਤੀ ਨਾਲ ਫਾਂਸੀ ਲੱਗ ਜਾਣੀ ਸੀ। ਘਟਨਾ ਇਸ ਤਰ੍ਹਾਂ ਵਾਪਰੀ ਕਿ ਇਕ ਹੋਰ ਕੈਦੀ ਜਗਜੀਤ ਸਿੰਘ ਪੁੱਤਰ ਗੰਡਾ ਸਿੰਘ ਪਿੰਡ ਡੱਲਾ, ਨਜ਼ਦੀਕ ਸੁਲਤਾਨਪੁਰ ਨੂੰ ਫਾਂਸੀ ਦੀ ਸਜ਼ਾ ਦੇ ਹੁਕਮ ਹੋ ਗਏ। ਜਿਸ ਦਿਨ ਫਾਂਸੀ ਦੇਣ ਦਾ ਦਿਨ ਮੁਕੱਰਰ ਹੋਇਆ ਤਾਂ ਭੁਲੇਖੇ ਨਾਲ ਜਗਜੀਤ ਸਿੰਘ ਚਮਨ ਨੂੰ ਫਾਂਸੀ ਦੇਣ ਦੀਆਂ ਸਾਰੀਆਂ ਰਸਮੀ ਕਾਰਵਾਈਆਂ ਹੋ ਗਈਆਂ, ਕਿਉਂਕਿ ਇਨ੍ਹਾਂ ਦਾ ਨਾਂਅ ਪਿੰਡ ਦਾ ਨਾਂਅ ਫਾਂਸੀ ਲੱਗਣ ਵਾਲੇ ਦੇ ਨਾਂਅ ਅਤੇ ਪਿੰਡ ਦੇ ਨਾਂਅ ਨਾਲ ਮਿਲਦਾ ਸੀ। ਫਰਕ ਕੇਵਲ ਇਹ ਸੀ ਕਿ ਚਮਨ ਦੇ ਪਿਤਾ ਦਾ ਨਾਂਅ ਗੰਗਾ ਸਿੰਘ ਅਤੇ ਫਾਂਸੀ ਲੱਗਣ ਵਾਲੇ ਦੇ ਪਿਤਾ ਦਾ ਨਾਂਅ ਗੰਡਾ ਸਿੰਘ ਸੀ। ਫਾਂਸੀ ਲੱਗਣ ਵਿਚ ਕੇਵਲ ਤਿੰਨ ਮਿੰਟ ਬਾਕੀ ਰਹਿੰਦੇ ਸਨ ਤਾਂ ਜੇਲ੍ਹ ਦੇ ਡਾਕਟਰ ਨੇ ਫਾਂਸੀ ਲੱਗਣ ਵਾਲੇ ਵਿਅਕਤੀ ਦੀ ਫੋਟੋ ਚਮਨ ਦੇ ਚਿਹਰੇ ਨਾਲ ਮਿਲਾ ਕੇ ਦੇਖੀ ਤਾਂ ਜਗਜੀਤ ਸਿੰਘ ਚਮਨ ਨੂੰ ਫਾਂਸੀ ਲੱਗਣ 'ਤੇ ਰੋਕ ਲਗਾ ਦਿੱਤੀ। ਏਨੇ ਥੋੜ੍ਹੇ ਸਮੇਂ ਵਿਚ ਜਗਜੀਤ ਸਿੰਘ ਪੁੱਤਰ ਗੰਡਾ ਸਿੰਘ ਫਾਂਸੀ ਲੱਗਣ ਦੀਆਂ ਰਸਮੀ ਕਾਰਵਾਈਆਂ ਨਹੀਂ ਸਨ ਹੋ ਸਕਦੀਆਂ। ਇਸ ਤਰ੍ਹਾਂ ਉਸ ਦੀ ਵੀ ਜਾਨ ਬਚ ਗਈ।

ਅੰਗਰੇਜ਼ ਸਰਕਾਰ ਨੇ ਚਮਨ ਨੂੰ ੫ ਸਾਲ ਕੈਦ ਰੱਖਣ ਤੋਂ ਬਾਅਦ ਇਸ ਸ਼ਰਤ 'ਤੇ ਰਿਹਾਅ ਕੀਤਾ ਕਿ ਉਹ ਆਪਣੇ ਪਿੰਡ ਦੀ ਹੱਦ ਤੋਂ ਬਾਹਰ ਨਹੀਂ ਜਾਵੇਗਾ। ਚਾਰ ਜਾਂ ਚਾਰ ਤੋਂ ਵੱਧ ਆਦਮੀਆਂ ਵਿਚ ਦੇਸ਼ ਦੀ ਆਜ਼ਾਦੀ ਦੀ ਗੱਲ ਨਹੀਂ ਕਰੇਗਾ। ਹਰ ਹਫਤੇ ਆਪਣੀ ਹਾਜ਼ਰੀ ਦੀ ਰਿਪੋਰਟ ਥਾਣਾ ਕਰਤਾਰਪੁਰ ਭੇਜੇਗਾ। ਜਦੋਂ ੧੫ ਅਗਸਤ ੧੯੪੭ ਨੂੰ ਦੇਸ਼ ਆਜ਼ਾਦ ਹੋਇਆ ਤਾਂ ਜਗਜੀਤ ਸਿੰਘ ਚਮਨ ਦੇ ਅੰਦਰਲੇ ਜਜ਼ਬੇ ਅਤੇ ਭਾਵਨਾਵਾਂ ਆਜ਼ਾਦ ਹੋਈਆਂ।

ਉਨ੍ਹਾਂ ਦੇ ਹਾਸਰਸ, ਧਾਰਮਿਕ, ਇਤਿਹਾਸਕ ਅਤੇ ਸਮਾਜ ਸੁਧਾਰਕ ਕਵਿਤਾਵਾਂ ਲਿਖੀਆਂ। ਉਨ੍ਹਾਂ ਨੂੰ ਬਹੁਤ ਸਾਰੀਆਂ ਧਾਰਮਿਕ ਸਭਾਵਾਂ ਅਤੇ ਸੱਭਿਆਚਾਰਕ ਮੰਚਾਂ ਤੋਂ ਇਲਾਵਾ ਸਿੱਖ ਕੌਮ ਦੇ ਪੰਜਾਂ ਤਖਤਾਂ ਤੋਂ ਸਨਮਾਨ ਮਿਲ ਚੁੱਕਾ ਹੈ। ਉਸ ਦੀ ਕਵਿਤਾ ਵਿਚ ਵਿਚਾਰਾਂ ਦੀ ਡੂੰਘਾਈ, ਸਾਦਗੀ ਅਤੇ ਸਰਲਤਾ ਆਦਿ ਦੇ ਗੁਣ ਹਨ।

*—ਬਲਵਿੰਦਰ ਸਿੰਘ ਭੰਗੂ*

-0-



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ

❖ ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

**ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ**

BBL FOODS PVT. LTD

**Pinoneer Manufacturer in India of**

❖ **Automatic machines for producing Biscuits**

❖ **Automatic machines for producing Wafers**

**and**

**Makers of High quality Biscuits**

## *BBL FOODS PVT. LTD.*

***Santosh Nagar (X) Roads, Hyderabad-500 059 India***

*Ph.:— +91-40-4530680, 82,84* *Fax :— +91-40--4530475*

*E-mail:amber @hd1.vsnl.net.in*

**Balvinder Pal Singh**
*Manging Director*

**Lakhbir Singh Muchhal**
*Director*

**Bakhshish Singh Muchhal**
*Director*



Sri Satguru Jagjit Singh Ji eLibrary NamdhariElibrary@gmail.com

*Our Motto : Best Quality of the Day*

# *High Class Gun Manufacturers*

## Single & Double Barrels



# 12-Bore GUNS

# Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com




ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਕਹਾਣੀ ਸੰਗ੍ਰਹਿ 'ਅੱਧੇ ਅਧੂਰੇ' ਤੇ ਕਰਵਾਈ ਗੋਸ਼ਟੀ ਸਮੇਂ ਮੰਚ ਤੇ ਬੈਠੇ ਜਗਦੀਸ਼ ਸਿੰਘ ਵਰਿਆਮ, ਵਰਿਆਮ ਸਿੰਘ ਸੰਧੂ, ਬਲਦੇਵ ਸਿੰਘ ਧਾਲੀਵਾਲ, ਹਰਿੰਦਰ ਸਿੰਘ ਮਹਿਬੂਬ, ਗੁਰਲਾਲ ਸਿੰਘ, ਲਾਲ ਸਿੰਘ ਲੇਖਕ ਅਤੇ ਕੁਲਵੰਤ ਸਿੰਘ ਸੰਧੂ





ਪੰਜਾਬੀ ਲੇਖਕ ਸਭਾ, ਜਲੰਧਰ ਦੇ ਸਮਾਗਮ ਵਿਚ ਡਾ. ਵਰਿਆਮ ਸਿੰਘ ਸੰਧੂ ਬਲਵਿੰਦਰ ਗਰੇਵਾਲ ਦਾ ਕਹਾਣੀ ਸੰਗ੍ਰਹਿ 'ਯੁੱਧ ਖੇਤਰ' ਅਤੇ ਭੁਪਿੰਦਰ ਕੌਰ ਪ੍ਰੀਤ ਦੀ ਕਾਵਿ ਪੁਸਤਕ 'ਮੈਂ ਸ਼ਬਦਾਂ ਨੂੰ ਕਿਹਾ' ਨੂੰ ਰਿਲੀਜ਼ ਕਰਦੇ ਹੋਏ ਉਨ੍ਹਾਂ ਨਾਲ ਨਜ਼ਰ ਆ ਰਹੇ ਸ. ਜਗਦੀਸ਼ ਸਿੰਘ ਵਰਿਆਮ, ਡਾ. ਬਲਦੇਵ ਸਿੰਘ ਧਾਲੀਵਾਲ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ।



ਪੰਜਾਬੀ ਭਵਨ ਲੁਧਿਆਣਾ ਵਿਚ ਸੁਰਮਈ ਸ਼ਾਮ ਮੌਕੇ ਸ. ਬੀਰ ਦਵਿੰਦਰ ਸਿੰਘ ਡਿਪਟੀ ਸਪੀਕਰ ਨੂੰ ਪੁਸਤਕਾਂ ਭੇਟ ਕਰਦੇ ਹੋਏ ਪੰਜਾਬੀ ਸਾਹਿਤ ਅਕਾਡਮੀ ਦੇ ਅਹੁਦੇਦਾਰ



ਪ੍ਰਸਿੱਧ ਲੇਖਕ
ਸ੍ਰ. ਬਲਬੀਰ ਸਿੰਘ ਕੰਵਲ ਦੀ
ਧਰਮ ਪਤਨੀ ਸ੍ਰੀਮਤੀ ਅਜੀਤ ਕੌਰ
ਪਿਛਲੇ ਦਿਨੀ ਯੂ. ਕੇ. ਵਿਚ ਸਦੀਵੀ
ਵਿਛੋੜਾ ਦੇ ਗਏ ਹਨ

Sri Satguru Jagjit Singh Ji eLibrary NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75
June 2003



# NS

# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

# ਨਾਮਧਾਰੀ ਸੀਡਜ਼

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

| | | |
|---|---|---|
| ਟਮਾਟਰ | : | N.S. 815, ਉਤਸਵ ਅਤੇ ਅਮੋਘ |
| ਫੁੱਲ ਗੋਭੀ | : | N.S. 60, N.S. 84 ਅਤੇ N.S. 90 |
| ਭਿੰਡੀ | : | ਅਰਕਾ ਅਨਾਮਿਕਾ |
| ਤਰਬੂਜ਼ | : | N.S. 295 (ਸਮਰ ਸਵੀਟ) N.S. 246 |
| ਖਰਬੂਜਾ | : | N.S.7455 ਅਤੇ ਅਭਿਜੀਤ |
| ਲੌਕੀ (ਘੀਆ) | : | ਕਾਵੇਰੀ |
| ਤੋਰਈ | : | ਸੰਜੀਵਨੀ ਅਤੇ ਹੋਰ ਬਹੁਤ ਕੁਝ |

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

**ਨਾਮਧਾਰੀ ਸੀਡਜ਼ ਪ੍ਰਾਈਵੇਟ ਲਿ:**

**Head Office**

## Namdhari Seeds Pvt. Ltd.

**BIDADI, BANGALORE (INDIA)**

Tel : 080-72 82 653
72 82 654
City Office : 080-8602167
Fax : 080-8602168

**ਰੀਜਨਲ ਆਫਿਸ :**

ਪਿੰਡ ਰਾਈਆਂ, ਕੁਹਾੜਾ-ਮਾਛੀਵਾੜਾ ਰੋਡ,
ਜ਼ਿਲ੍ਹਾ ਲੁਧਿਆਣਾ।
ਫੋਨ : 0161-834036, 834420
ਮੋਬਾਈਲ : 98141-33109

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ।
ਫੋਨ : 2222543, ਨਿਵਾਸ : 2456289

Sri Satguru Jagjit Singh Ji eLibrary NamdhariElibrary@gmail.com